# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ੧ਓ ਸਤਿ ਗੁਰਪ੍ਰਸਾਦਿ॥ | ਇਕ ਓਂਕਾਰ ਜਾਂ ਇਕ ਉਅੰਕਾਰ | ੧ਓ = ਨਿਰਗੁਨ ਤੋਂ ਸਰਗੁਨ ਹੋਣਹਾਰਾ ਅਕਾਲ ਪੁਰਖ ਇਕ ਹੈ; ਸਤਿ = ਸਤਯ, ਸਦੀਵੀ ਹੋਂਦਵਾਲਾ; ਗੁਰਪ੍ਰਸਾਦਿ = ਗੁਰੂ ਦੇ ਪ੍ਰਸਾਦ (ਕਿਰਪਾ) ਨਾਲ ਮਿਲਣਵਾਲਾ।<br><br>ਪ੍ਰਸਾਦਿ ਨੂੰ ਪਰਸ਼ਾਦ ਕਹਿਣਾ ਅਸ਼ੁਧ ਹੈ। | ਨਿਰਗੁਨ ਤੋਂ ਸਰਗੁਨ ਹੋਣਹਾਰਾ ਅਕਾਲ ਪੁਰਖ ਇਕ ਹੈ, ਉਹ ਸਤਯ ਹੈ ਅਤੇ ਉਹ ਗੁਰੂ ਦੀ ਕਿਰਪਾ (ਪ੍ਰਸਾਦ) ਨਾਲ ਮਿਲਦਾ ਹੈ। |
| ਰਾਮਕਲੀ, ਮਹਲਾ ੩, ਅਨੰਦੁ | ਮਹੱਲਾ | ਰਾਮਕਲੀ = ਇਕ ਰਾਗ ਦਾ ਨਾਂ; ਮਹਲਾ ੩ = ਤੀਜੇ ਗੁਰੂ ਜੀ - ਸ੍ਰੀ ਗੁਰੂ ਅਮਰਦਾਸ ਸਾਹਿਬ ਜੀ; ਅਨੰਦੁ = ਗੁਰਮਤਿ ਪਰਮਾਰਥੀ ਖੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ। | ਰਾਮਕਲੀ ਰਾਗ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਬਾਣੀ ਦਾ ਨਾਮ ਹੈ 'ਅਨੰਦੁ'। |
| ਅਨੰਦੁ ਭਇਆ, ਮੇਰੀ ਮਾਏ, ਸਤਿਗੁਰੂ ਮੈ ਪਾਇਆ ॥ | ਮੈਂ | ਅਨੰਦੁ = ਗੁਰਮਤਿ ਪਰਮਾਰਥੀ ਖੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ; ਭਇਆ = ਹੋਇਆ ਹੈ; ਮੇਰੀ ਮਾਏ = ਹੇ ਮੇਰੀ ਮਾਂ; ਸਤਿਗੁਰੂ = ਅਕਾਲ ਪੁਰਖ ਦਾ ਗੁਰੂ ਰੂਪ ਜੋ ਅਕਾਲ ਪੁਰਖ ਨੇ ਕਲਿਜੁਗ ਵਿਚ, ਜੀਵਾਂ ਦੇ ਤੱਤ ਉਧਾਰ ਲਈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਧਾਰਿਆ ਅਤੇ ਫੇਰ ਇਸੇ ਗੁਰ ਜੋਤੀ ਨੇ ਨੌਂ ਹੋਰ ਜਾਮੇ ਧਾਰਕੇ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸਥਾਪਤ ਕਰ ਦਿਤਾ ਤਾਂ ਜੋ ਜੀਵਾਂ ਦਾ ਉਧਾਰ ਰਹਿੰਦੀ ਦੁਨੀਆ ਤੱਕ ਹੁੰਦਾ ਰਹੇ। | ਮੇਰੀ ਮਾਏ, ਮੈਨੂੰ ਅਨੰਦ ਭਇਆ ਹੈ ਕਿਉਂਕਿ ਮੈਂ ਸਤਿਗੁਰੂ ਨੂੰ ਪਾ ਲਿਆ ਹੈ।<br><br>'ਸਤਿਗੁਰੂ ਮੈ ਪਾਇਆ' ਦਾ ਅਰਥ ਇਥੇ ਗੁਰੂ ਦੀਖਿਅਤ ਹੋਣ ਤੋਂ ਹੈ। ਅਜਕਲ ਗੁਰ ਦੀਖਿਅਤ ਹੋਣ ਦਾ ਤਰੀਕਾ ਪੰਜ ਪਿਆਰਿਆਂ ਪਾਸੋਂ ਖੰਡੇ ਪਾਹੁਲ ਲੈਣੀ ਭਾਵ ਅੰਮ੍ਰਿਤ ਛਕਣਾ ਹੈ। ਗੁਰਸਿਖੀ ਦਾ ਆਰੰਭ ਹੀ ਗੁਰਦੀਖਿਅਤ ਹੋਣ ਤੋਂ ਬਾਅਦ ਸ਼ੁਰੂ ਹੁੰਦਾ ਹੈ ਕਿਉਂਕਿ ਗੁਰੂ ਘਰ ਦੇ ਨਾਮ ਗੁਰਮੰਤ੍ਰ ਦੀ ਪ੍ਰਾਪਤੀ ਹੀ ਅੰਮ੍ਰਿਤ ਛਕਕੇ ਹੁੰਦੀ ਹੈ। ਅੰਮ੍ਰਿਤ ਛਕ ਕੇ ਜਦੋਂ ਨਾਮ ਸਿਮਰਨ ਕਰੀਦਾ ਹੈ ਤਾਂ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹ ਅਨੰਦ ਤਿਉਂ ਤਿਉਂ ਵਧਦਾ ਹੈ ਜਿਉਂ ਜਿਉਂ ਸਾਧਕ ਨਾਮ ਜਪਣ ਦੇ ਕਾਰਜ ਵਿਚ ਗਹਿਰੇ ਧਿਆਨ ਨਾਲ ਲਗਦਾ ਹੈ। |
| ਸਤਿਗੁਰੁ ਤ ਪਾਇਆ, ਸਹਜ ਸੇਤੀ, ਮਨਿ ਵਜੀਆ ਵਾਧਾਈਆ ॥ | ਵਜੀਆਂ, ਵਾਧਾਈਆਂ | ਸਹਜ ਸੇਤੀ = ਸਹਜੇ ਹੀ; ਬਿਨਾਂ ਪਰੀਸ਼੍ਰਮ ਤੋਂ; ਮਨਿ = ਮਨ ਵਿਚ; ਵਜੀਆ ਵਾਧਾਈਆ = ਵਾਧਾਈਆਂ ਵੱਜੀਆਂ ਭਾਵ ਬਹੁਤ ਖੁਸ਼ੀ ਪ੍ਰਾਪਤ ਹੋਈ। | ਮੈਂ ਸਹਜ ਹੀ ਸਤਿਗੁਰੂ ਨੂੰ ਪਾਇਆ ਹੈ (ਅਕਾਲ ਪੁਰਖ ਦੀ ਕਿਰਪਾ ਨਾਲ, ਜਿਸ ਕਰਕੇ) ਮੇਰੇ ਮਨ ਵਿਚ ਵਾਧਾਈਆਂ ਵੱਜ ਰਹੀਆਂ ਹਨ ਭਾਵ ਮੇਰੇ ਮਨ ਵਿਚ ਬਹੁਤ ਖੁਸ਼ੀ ਹੈ।<br><br>ਮਨ ਵਿਚ ਵਾਧਾਈਆਂ ਵੱਜਣੀਆਂ ਇਕ ਮੁਹਾਵਰਾ ਹੈ ਜਿਵੇਂ ਕਿ ਦਿਲ ਵਿਚ ਸ਼ਹਿਨਾਈਆਂ ਗੂੰਜ ਓਠਣੀਆਂ ਦਾ ਮਤਲਬ ਵੀ ਖੁਸ਼ੀ ਹੈ। ਸਹਜ ਸੇਤੀ ਸਤਿਗੁਰੂ ਨੂੰ ਪਾਉਣ ਦਾ ਅਰਥ ਹੈ ਕਿ ਗੁਰੂ ਜੀ ਨਿਮ੍ਰਤਾ ਵਿਚ ਫੁਰਮਾ ਰਹੇ ਹਨ ਕਿ ਮੈਂ ਕੁਝ ਮਿਹਨਤ ਨਹੀਂ ਕੀਤੀ ਜਾਂ ਕੋਈ ਸ਼ੁਭ ਕਰਮ ਨਹੀਂ ਕੀਤਾ ਪਰ ਗੁਰੂ ਜੀ ਆਪ ਹੀ ਕਿਰਪਾ ਧਾਰ ਕੇ ਮੈਨੂੰ ਮਿਲੇ ਹਨ। ਇਹ ਗੁਰੂ ਜੀ ਦੀ ਉਸਤਤਿ ਹੈ। |
| ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣ ਆਈਆ ॥ | ਪਰੀਆਂ, ਆਈਆਂ, ਸ਼ਬਦ | ਰਾਗ ਰਤਨ = ਰਤਨਾਂ ਵਾਂਗ ਅਮੋਲਕ ਰਾਗ; ਪਰਵਾਰ ਪਰੀਆ = ਪਰਵਾਰਾਂ ਅਤੇ ਪਤਨੀਆਂ ਸਹਿਤ; ਸ਼ਬਦ ਗਾਵਣ ਆਈਆ = ਗੁਰਮੁਖਿ ਮੁਕਤ ਰੂਹਾਂ ਸ਼ਬਦ ਗਾਉਣ ਆਈਆਂ। | (ਸਤਿਗੁਰੂ ਦੇ ਮਿਲਣ ਦੀ ਖੁਸ਼ੀ ਵਿਚ ਬੇਅੰਤ ਸਚਖੰਡੀ ਮੁਕਤ ਗੁਰਮੁਖਿ ਰੂਹਾਂ) ਰਾਗਾਂ ਅਤੇ ਉਹਨਾਂ ਦੇ ਪਰਵਾਰ ਤੇ ਪਤਨੀਆਂ ਸਹਿਤ ਸ਼ਬਦ ਗਾਵਣ ਆਈਆਂ ਹਨ।<br><br>ਜਦੋਂ ਜੀਵ ਸਤਿਗੁਰੂ ਦੀ ਪ੍ਰਾਪਤੀ ਕਰਦਾ ਹੈ ਜਾਂ ਨਾਮ ਜਪ ਕੇ ਅਕਾਲ ਪੁਰਖ ਦੀ ਪ੍ਰਾਪਤੀ ਜਾਂ ਹੋਰ ਕੋਈ ਪਰਮਾਰਥਕ ਪ੍ਰਾਪਤੀ ਕਰਦਾ ਹੈ ਤਾਂ ਸ਼ਹੀਦ ਸਿੰਘਾਂ ਦੀਆਂ ਰੂਹਾਂ ਜਾਂ ਗੁਰਪੁਰੀ ਦੀਆਂ ਮੁਕਤ ਗੁਰਮੁਖਿ ਰੂਹਾਂ ਖੁਸ਼ੀ ਦੇ ਸੋਹਿਲੇ ਗਾਉਂਦੀਆਂ ਹਨ, ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਦੁਨਿਆਵੀ ਵਿਆਹ ਸ਼ਾਦੀਆਂ ਦੌਰਾਨ ਸਖੀਆਂ ਸਹੇਲੀਆਂ ਅਤੇ ਸੰਬੰਧੀ ਖੁਸ਼ੀ ਦੇ ਗੀਤ ਗਾਉਂਦੇ ਹਨ।<br><br>ਰਾਗਾਂ ਦੇ ਪਰਿਵਾਰਾਂ ਅਤੇ ਪਤਨੀਆਂ ਦਾ ਭਾਵ ਹੈ ਰਾਗਾਂ ਦੀਆਂ ਅਲਗ ਅਲਗ ਸ਼੍ਰੇਣੀਆਂ। ਇਕੋ ਤਰ੍ਹਾਂ ਦੀਆਂ ਸੁਰਾਂ ਵਾਲੇ ਰਾਗਾਂ ਨੂੰ ਇਕ ਪਰਿਵਾਰ ਦਾ ਮੰਨਿ ਲਿਆ ਜਾਂਦਾ ਹੈ। ਪਹਿਲੇ ਜ਼ਮਾਨਿਆਂ ਵਿਚ ਇਕੋ ਜਿਹੇ ਰਾਗਾਂ ਦੀ ਵੰਡ ਪਤਨੀਆਂ ਅਤੇ ਪੁਤਰਾਂ ਦੇ ਤਰੀਕੇ ਨਾਲ ਹੁੰਦੀ ਸੀ ਅਤੇ ੬ ਮੁੱਖ ਰਾਗਾਂ ਅਧੀਨ ਕਈ ਪਤਨੀਆਂ ਅਤੇ ਉਹਨਾਂ ਦੇ ਲੜਕੇ ਰੱਖੇ ਜਾਂਦੇ ਸਨ। ਅਲਗ ਅਲਗ ਸੰਗੀਤਕ ਮੱਤਾਂ ਵਲੋਂ ਮੁੱਖ ਰਾਗਾਂ ਅਤੇ ਪਰਿਵਾਰਾਂ ਦੀ ਵੰਡ ਅਲਗ ਅਲਗ ਤਰੀਕਿਆਂ ਨਾਲ ਹੁੰਦੀ ਸੀ ਪਰ ਅਜਕਲ ਰਾਗਾਂ ਦੀ ਵੰਡ ੧੦ ਠਾਠਾਂ ਦੇ ਅਧੀਨ ਕਰ ਦਿਤੀ ਗਈ ਹੈ ਅਤੇ ਰਾਗਾਂ ਦੇ ਪਰਿਵਾਰਾਂ ਵਾਲਾ ਸਿਧਾਂਤ ਅਜਕਲ ਦੇ ਸ਼ਾਸਤ੍ਰੀ ਸੰਗੀਤ ਵਿਚ ਨਹੀਂ ਚਲ ਰਿਹਾ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਬਦੋ ਤ ਗਾਵਹੁ ਹਰੀ ਕੇਰਾ, ਮਨਿ ਜਿਨੀ ਵਸਾਇਆ ॥ | ਸ਼ਬਦੋ, ਜਿਨੀਂ | ਸਬਦੋ ਤ ਗਾਵਹੁ ਹਰੀ ਕੇਰਾ = ਸ਼ਬਦ ਗਾਉਣਾ ਹੈ ਤਾਂ ਹਰੀ ਦਾ ਸ਼ਬਦ ਗਾਵੋ ਭਾਵ ਗੁਰਬਾਣੀ ਰੂਪੀ ਸ਼ਬਦ ਗਾਵੋ; ਮਨਿ ਜਿਨੀ ਵਸਾਇਆ = ਜਿਨਾਂ ਨੇ ਮਨ ਵਿਚ ਵਸਾਇਆ ਹੈ। | (ਹਜ਼ੂਰ ਆਪਣੇ ਸਿਖਾਂ ਤਾਂਈਂ ਹੁਣ ਉਪਦੇਸ਼ ਕਰਦੇ ਹਨ ਕਿ) ਤੁਸੀਂ ਵੀ ਹਰੀ ਦੇ ਸ਼ਬਦ ਭਾਵ ਗੁਰਬਾਣੀ ਗਾਵੋ ਕਿਉਂਕਿ ਜਿਨਾਂ ਨੇ ਵੀ (ਅਕਾਲ ਪੁਰਖ ਨੂੰ) ਮਨ ਵਿਚ ਵਸਾਇਆ ਹੈ, ਹਰੀ ਕੇਰੇ ਸ਼ਬਦ ਗਾ ਕੇ ਹੀ ਵਸਾਇਆ ਹੈ। |
| ਕਹੈ ਨਾਨਕੁ, ਅਨੰਦੁ ਹੋਆ, ਸਤਿਗੁਰੂ ਮੈ ਪਾਇਆ ॥੧॥ | ਮੈਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਅਨੰਦੁ = ਗੁਰਮਤਿ ਪਰਮਾਰਥੀ ਖੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ; ਅਨੰਦ ਹੋਆ = ਮੈਨੂੰ ਅਨੰਦ ਹੋਇਆ ਹੈ; ਸਤਿਗੁਰੂ ਮੈ ਪਾਇਆ = ਜਦੋਂ ਮੈਂ ਸਤਿਗੁਰੂ ਨੂੰ ਪ੍ਰਾਪਤ ਕੀਤਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਮੈਨੂੰ ਅਨੰਦ ਹੋਇਆ ਹੈ ਜਦੋਂ ਤੋਂ ਮੈਂ ਸਤਿਗੁਰੂ ਨੂੰ ਪ੍ਰਾਪਤ ਕੀਤਾ ਹੈ। |
| ਸਾਰੰਸ਼ ਅਤੇ ਤੱਤਸਾਰ: ਸਿਖੀ ਦਾ ਆਰੰਭ ਸਤਿਗੁਰੂ ਦੀ ਪ੍ਰਾਪਤੀ ਤੋਂ ਹੁੰਦਾ ਹੈ ਅਤੇ ਅਨੰਦ ਦੀ ਪ੍ਰਾਪਤੀ ਵੀ ਸਤਿਗੁਰੂ ਦੇ ਮਿਲਣ ਤੋਂ ਬਾਅਦ ਹੀ ਹੁੰਦੀ ਹੈ। ਫੀ ਜ਼ਮਾਨਾ ਸਤਿਗੁਰੂ ਦੀ ਪ੍ਰਾਪਤੀ ਪੰਜ ਪਿਆਰਿਆਂ ਪਾਸੋਂ ਖੰਡੇ ਪਾਹੁਲ ਲੈ ਕੇ ਨਾਮ ਗੁਰਮੰਤ੍ਰ ਦੀ ਦਾਤਿ ਪ੍ਰਾਪਤ ਕਰਨ ਨਾਲ ਹੁੰਦੀ ਹੈ। ਉਸ ਤੋਂ ਉਪਰੰਤ ਸ੍ਰੀ ਗੁਰੂ ਦਸਮੇਸ਼ ਜੀ ਦੀ ਰਹਿਤ ਰਹਿਣੀ ਦੇ ਧਾਰਣੀ ਹੁੰਦਿਆਂ ਹੋਇਆਂ ਨਾਮ ਸਿਮਰਨ ਅਤੇ ਗੁਰਬਾਣੀ ਰੂਪੀ ਹਰਿਗੁਣ ਗਾਉਣ ਮਈ ਗੁਰਮਤਿ ਪ੍ਰੇਮਾ ਭਗਤੀ ਵਿਚ ਲੱਗਣ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਨੇ ਫੈਸਲਾ ਕਰ ਦਿਤਾ ਹੈ ਕਿ ਜਿਨਾਂ ਨੇ ਮਨ ਵਿਚ ਅਕਾਲ ਪੁਰਖ ਨੂੰ ਵਸਾਇਆ ਹੈ ਉਹਨਾਂ ਨੇ ਹਰੀ ਕੇਰਾ ਸ਼ਬਦ ਭਾਵ ਗੁਰਬਾਣੀ ਰੂਪੀ ਹਰਿਗੁਣ ਗਾਉਣ ਨਾਲ ਹੀ ਉਸਨੂੰ ਮਨ ਵਿਚ ਵਸਾਇਆ ਹੈ। | | | |
| ਏ ਮਨ ਮੇਰਿਆ, ਤੂ ਸਦਾ ਰਹੁ, ਹਰਿ ਨਾਲੇ ॥ | | ਤੂ ਸਦਾ ਰਹੁ ਹਰਿ ਨਾਲੇ = ਤੂੰ ਸਦਾ ਹਰੀ ਨਾਲ ਰਹਿ ਭਾਵ ਉਸਦਾ ਸਿਮਰਨ ਕਰ। | ਹੇ ਮਨ ਮੇਰਿਆ, ਤੂੰ ਸਦਾ ਹਰੀ ਨਾਲ ਰਹਿ ਭਾਵ ਸਦਾ ਸਿਮਰਨ ਕਰਕੇ ਉਸਦੀ ਯਾਦ ਵਿਚ ਰਹਿ।<br><br>ਜਿਸ ਵਸਤੂ ਦਾ ਇਨਸਾਨ ਮਨ ਵਿਚ ਚਿਤਵਨ ਕਰਦਾ ਹੈ, ਉਸ ਵਸਤੂ ਨਾਲ ਉਹ ਮਨ ਕਰਕੇ ਹੁੰਦਾ ਹੈ। ਇਥੇ ਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ ਸਾਨੂੰ ਸਦਾ ਅਕਾਲ ਪੁਰਖ ਦਾ ਸਿਮਰਨ ਕਰਕੇ, ਇਸ ਬਿਧਿ ਹਰੀ ਦੇ ਨਾਲ ਰਹਿਣਾ ਚਾਹੀਦਾ ਹੈ। |
| ਹਰਿ ਨਾਲਿ ਰਹੁ ਤੂ, ਮੰਨ ਮੇਰੇ, ਦੂਖ ਸਭਿ ਵਿਸਾਰਣਾ ॥ | | ਦੂਖ ਸਭਿ ਵਿਸਾਰਣਾ = ਸਾਰੇ ਦੁਖਾਂ ਦਾ ਵਿਸਾਰਣਾ ਭਾਵ ਮਨ ਵਿਚੋਂ ਖਾਤਮਾ ਹੋ ਜਾਵੇਗਾ। | ਹਰੀ ਨਾਲ ਰਹਿ ਤੂੰ ਮੇਰੇ ਮਨਾ (ਭਾਵ ਉਸਦਾ ਮਨ ਕਰਕੇ ਸਿਮਰਨ ਕਰ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਤੇਰੇ) ਸਭ ਦੁਖਾਂ ਦਾ ਵਿਸਾਰਣਾ ਹੋ ਜਾਵੇਗਾ।<br><br>ਦੁਖਾਂ ਦੇ ਖਾਤਮੇ ਦਾ ਤਰੀਕਾ ਹਰੀ ਦੇ ਨਾਲ ਰਹਿਣਾ ਹੈ ਭਾਵ ਉਸਦਾ ਸਿਮਰਨ ਕਰਨਾ ਹੈ। |
| ਅੰਗੀਕਾਰੁ ਓਹੁ ਕਰੇ ਤੇਰਾ, ਕਾਰਜ ਸਭਿ ਸਵਾਰਣਾ ॥ | | ਅੰਗੀਕਾਰੁ = ਰਖਿਆ; ਕਾਰਜ = ਕੰਮ; ਕਾਰਜ ਸਭਿ ਸਵਾਰਣਾ = ਸਾਰੇ ਕਾਰਜ ਸਵਾਰਣੇ ਭਾਵ ਪੂਰੇ ਕਰਨੇ। | (ਹਰੀ ਦੇ ਨਾਲ ਰਹਿਣ ਦੇ ਹੋਰ ਫਲ ਹਜ਼ੂਰ ਦਸਦੇ ਹਨ ਕਿ) ਉਹ (ਹਰੀ) ਤੇਰਾ ਅੰਗੀਕਾਰ ਭਾਵ ਰਖਿਆ ਕਰੇਗਾ ਅਤੇ ਤੇਰੇ ਸਾਰੇ ਕਾਰਜ ਸਵਾਰ ਦੇਵੇਗਾ। |
| ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ ਵਿਸਾਰੇ ॥ | ਸਭਨਾਂ, ਗਲਾਂ, ਕਿਉਂ, ਮਨਹੁੰ, ਵਿਸਾਰੇਂ | ਸਭਨਾ ਗਲਾ ਸਮਰਥੁ ਸੁਆਮੀ = ਸਭ ਕੁਝ ਕਰਨ ਨੂੰ ਸਮਰੱਥ ਅਕਾਲ ਪੁਰਖ ਸੁਆਮੀ; ਮਨਹੁ = ਮਨ ਤੋਂ; ਵਿਸਾਰੇ = ਵਿਸਾਰਦਾ ਹੈਂ। | ਸਾਰੀਆਂ ਗੱਲਾਂ ਨੂੰ ਸਮਰੱਥ ਹੈ ਸੁਆਮੀ (ਅਕਾਲ ਪੁਰਖ), ਤੂੰ ਉਸਨੂੰ ਕਿਉਂ ਮਨੋਂ ਵਿਸਾਰਦਾ (ਭੁਲਾਉਂਦਾ) ਹੈਂ? ਭਾਵ ਹਰੀ ਨੂੰ ਮਨੋਂ ਨਾ ਭੁਲਾ। |
| ਕਹੈ ਨਾਨਕੁ, ਮੰਨ ਮੇਰੇ, ਸਦਾ ਰਹੁ, ਹਰਿ ਨਾਲੇ ॥੨॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਮੰਨ ਮੇਰੇ = ਹੇ ਮੇਰੇ ਮਨ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਮੇਰੇ ਮਨਾ, ਤੂੰ ਸਦਾ ਹਰੀ ਦੇ ਨਾਲ ਰਹਿ ਭਾਵ ਸਦਾ ਉਸਦਾ ਸਿਮਰਨ ਮਨ ਕਰਕੇ ਕਰ। |
| ਸਾਰੰਸ਼ ਅਤੇ ਤੱਤਸਾਰ: ਗੁਰੂ ਜੀ ਇਸ ਪਉੜੀ ਵਿਚ ਮਨ ਨੂੰ ਉਪਦੇਸ਼ ਕਰਦੇ ਹਨ ਕਿ ਤੂੰ ਸਦਾ ਹਰੀ ਦੇ ਨਾਲ ਰਹਿ ਭਾਵ ਸਦਾ ਉਸਦਾ ਸਿਮਰਨ ਕਰ। ਵਿਚਾਰਨ ਵਾਲੀ ਗੱਲ ਹੈ ਕਿ ਹਰੀ ਤਾਂ ਸਭ ਦੇ ਨਾਲ ਪਹਿਲਾਂ ਹੀ ਹੈ ਅਤੇ ਉਹ ਨਾਲ ਹੀ ਨਹੀਂ ਬਲਕਿ ਘਟਿ ਘਟਿ ਵਿਚ ਭਾਵ ਹਰੇਕ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ ਪਰ ਇਹ ਜੀਵ ਹਨ ਜੋ ਮਨ ਕਰਕੇ ਉਸ ਤੋ ਦੂਰ ਹਨ। ਉਹ ਜੀਵਾਂ ਦੇ ਅਤਿ ਨਿਕਟ ਹੈ ਪਰ ਜੀਵ ਉਸਤੋਂ ਮਨ ਕਰਕੇ ਦੂਰ ਹਨ ਕਿਉਂਕਿ ਜੀਵ ਮਾਇਆ ਦੇ ਦ੍ਰਿਸ਼ਟਮਾਨ ਪਸਾਰੇ ਦੇ ਨਾਨਾ ਪ੍ਰਕਾਰੀ ਰੰਗਾਂ ਵਿਚ ਮਸਤ ਹਨ। ਮਨ ਕਰਕੇ ਹਰੀ ਦੇ ਨਾਲ ਹੋਣ ਦਾ ਇਕ ਹੀ ਤਰੀਕਾ ਹੈ ਕਿ ਮਨ ਹਰੀ ਦੀ ਹਜ਼ੂਰੀ ਨੂੰ ਤਸਲੀਮ ਕਰਦਾ ਹੋਇਆ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਜੁੱਟ ਜਾਵੇ ਭਾਵ ਸਦਾ ਹਰੀ ਦੇ ਗੁਰਮਤਿ ਨਾਮ ਦਾ ਸਿਮਰਨ ਕਰੇ। ਸਤਿਗੁਰੂ ਜੀ ਦੇ ਦ੍ਰਿੜ੍ਹਾਏ ਹੋਏ ਗੁਰਮਤਿ ਨਾਮ ਤੋਂ ਬਿਨਾ ਹੋਰ ਕੋਈ ਤਰੀਕਾ ਨਹੀਂ ਹਰੀ ਦੇ ਨਾਲ ਰਹਿਣ ਦਾ। ਹਰੀ ਦੇ ਨਾਲ ਰਹਿਣ ਦੇ ਗੁਰੂ ਜੀ ਨੇ ਤਿਨ ਵੱਡੇ ਫਾਇਦੇ ਇਸ ਪਉੜੀ ਵਿਚ ਦਸੇ ਹਨ - ਦੁਖਾਂ ਦਾ ਖਾਤਮਾ, ਪੂਰਨ ਰਖਿਆ ਅਤੇ ਕਾਰਜਾਂ ਦਾ ਸਵਰਣਾ। ਜਿਸ ਜੀਵ ਦੇ ਇਹ ਤਿਨ ਕਾਰਜ ਪੂਰੇ ਹੋ ਜਾਣ ਤਾਂ ਉਸਦੀ ਕਿਹੜੀ ਇੱਛਾ ਅਧੂਰੀ ਰਹਿ ਜਾਂਦੀ ਹੈ? | | | |
| ਸਾਚੇ ਸਾਹਿਬਾ, ਕਿਆ ਨਾਹੀ ਘਰਿ ਤੇਰੈ ॥ | ਨਾਹੀਂ | ਸਾਚੇ ਸਾਹਿਬਾ = ਸੱਚੇ ਸਾਹਿਬ; ਘਰਿ ਤੇਰੈ = ਤੇਰੇ ਘਰ ਵਿਚ। | ਹੇ ਸੱਚੇ ਸਾਹਿਬਾ, ਤੇਰੇ ਘਰ ਕੀ ਨਹੀਂ ਹੈ? ਭਾਵ ਤੇਰੇ ਘਰ ਸਭ ਕੁਝ ਹੈ (ਜੋ ਵੀ ਜੀਵ ਨੂੰ ਚਾਹੀਦਾ ਹੈ, ਸੋ ਤੇਰੇ ਘਰ ਹੈ)। |
| ਘਰਿ ਤ ਤੇਰੈ ਸਭੁ ਕਿਛੁ ਹੈ, ਜਿਸੁ ਦੇਹਿ, ਸੁ ਪਾਵਏ ॥ | ਦੇਹਿਂ | ਦੇਹਿ = ਜਿਸਨੂੰ ਤੂੰ ਦੇਵੇਂ; ਸੁ ਪਾਵਏ = ਸੋ ਪਾਉਂਦਾ ਹੈ। | ਤੇਰੇ ਘਰ ਵਿਚ ਤਾਂ ਸਭ ਕੁਝ ਹੈ ਪਰ ਜਿਸਨੂੰ ਤੂੰ ਦੇਵੇਂ ਸੋ ਹੀ ਪਾਉਂਦਾ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥ | | ਸਿਫਤਿ ਸਾਲਾਹ = ਗੁਰਬਾਣੀ ਪਾਠ ਅਤੇ ਕੀਰਤਨ ਰਾਹੀਂ ਅਕਾਲ ਪੁਰਖ ਦੀ ਉਸਤਤਿ ਕਰਨੀ; ਨਾਮੁ = ਅਕਾਲ ਪੁਰਖ ਦੀ ਅਥਾਹ ਸ਼ਕਤੀ ਜਿਸ ਨਾਲ ਸਾਰੀ ਕਾਇਨਾਤ ਉਪਜੀ ਹੈ। ਇਸ ਸ਼ਕਤੀ ਨਾਲ ਜੁੜਨ ਦਾ ਤਰੀਕਾ ਗੁਰੂ ਘਰ ਦੇ ਗੁਰਮੰਤ੍ਰ ਦਾ ਜਾਪ ਕਰਨਾ ਹੈ; ਮਨਿ ਵਸਾਵਏ = ਮਨ ਵਿਚ ਵਸਾਉਂਦੀ ਹੈ। | (ਤਾਂ ਤੇ ਉਸਨੂੰ ਰੀਝਾਉਣ ਲਈ) ਸਦਾ ਤੇਰੀ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ ਜੋ ਕਿ ਮਨ ਵਿਚ ਨਾਮ ਨੂੰ ਵਸਾ ਦਿੰਦੀ ਹੈ।<br><br>ਸਦਾ ਸਿਫਤਿ ਸਾਲਾਹ ਦਾ ਅਰਥ ਸਦਾ ਹੀ ਗੁਰਬਾਣੀ ਰੂਪੀ ਕੀਰਤ ਕਰਨ ਤੋਂ ਹੁੰਦਾ ਹੈ। ਆਪਣੀ ਨਿਜ ਮਤਿ ਅਨੁਸਾਰ ਕੀਤੀ ਹੋਈ ਸਿਫਤਿ ਸਾਲਾਹ ਗੁਰਮਤਿ ਵਿਚ ਪਰਵਾਨ ਨਹੀਂ। ਜੋ ਸਿਫਤਿ ਸਾਲਾਹ, ਗੁਰਬਾਣੀ ਦੇ ਰੂਪ ਵਿਚ ਸਰਬੱਗ ਸਤਿਗੁਰ ਕਰ ਗਏ ਹਨ, ਉਹੀ ਸਾਨੂੰ ਸਿਖਾਂ ਨੂੰ ਕਰਨ ਦਾ ਹੁਕਮ ਹੈ। ਸਿਫਤਿ ਸਾਲਾਹ ਕਰਨ ਦਾ ਸਭ ਤੋਂ ਵਡਾ ਮਹਾਤਮ ਇਹ ਹੈ ਕਿ ਇਹ ਮਨ ਵਿਚ ਨਾਮ ਨੂੰ ਵਸਾ ਦਿੰਦੀ ਹੈ ਜੈਸਾ ਕਿ ਇਸ ਗੁਰਵਾਕ ਤੋਂ ਵੀ ਸਿਧ ਹੈ: ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ |
| ਨਾਮੁ ਜਿਨ ਕੈ ਮਨਿ ਵਸਿਆ, ਵਾਜੇ ਸਬਦ ਘਨੇਰੇ ॥ | | ਮਨਿ ਵਸਿਆ = ਮਨ ਵਿਚ ਵਸਿਆ ਹੈ; ਵਾਜੇ ਸਬਦ ਘਨੇਰੇ = ਉਸਦੇ ਭੀਤਰ ਘਣੇਰੇ ਸ਼ਬਦ ਵੱਜਦੇ ਹਨ। | ਜਿਨਾਂ ਦੇ ਮਨ ਵਿਚ ਨਾਮ ਵੱਸ ਗਿਆ ਹੈ, ਉਹਨਾਂ ਦੇ ਅੰਦਰ ਘਣੇਰੇ ਸ਼ਬਦ ਵੱਜਦੇ ਹਨ।<br><br>ਸਬਦ ਘਣੇਰੇ ਦਾ ਭਾਵ ਅਨਹਦ ਸ਼ਬਦ ਹੀ ਹੋ ਸਕਦਾ ਹੈ ਕਿਉਂਕਿ ਇਹ ਖੁਦ ਵਲੋਂ ਵਜਾਏ ਹੋਏ ਸ਼ਬਦ ਨਹੀਂ ਬਲਕਿ ਖੁਦ ਵੱਜਣ ਵਾਲੇ ਸ਼ਬਦ ਹਨ। ਅਨਹਦ ਸ਼ਬਦ ਅਸਲ ਵਿਚ ਸਚਖੰਡ ਵਿਚ ਅਕਾਲ ਪੁਰਖ ਦੀ ਹੋ ਰਹੀ ਸਿਫਤਿ ਸਾਲਾਹ ਦੀ ਧੁਨੀ ਹੁੰਦੀ ਹੈ ਜੋ ਕਿ ਪੁੱਗ ਖਲੋਤੇ ਗੁਰਮੁਖਾਂ ਨੂੰ ਇਸ ਸੰਸਾਰ ਵਿਚ ਰਹਿੰਦੇ ਹੋਏ ਸੁਣਾਈ ਦਿੰਦੀ ਹੈ। ਇਸ ਸਚਖੰਡੀ ਸਿਫਤਿ ਸਾਲਾਹ ਰੂਪੀ ਕੀਰਤਨ ਧੁਨੀ ਨੂੰ ਗੁਰਬਾਣੀ ਵਿਚ ਪੰਚ ਸ਼ਬਦ, ਅਨਹਦ ਸ਼ਬਦ ਅਤੇ ਅਨਹਤਿ ਸ਼ਬਦ ਕਿਹਾ ਗਿਆ ਹੈ। |
| ਕਹੈ ਨਾਨਕੁ, ਸਚੇ ਸਾਹਿਬ, ਕਿਆ ਨਾਹੀ ਘਰਿ ਤੇਰੈ ॥੩॥ | ਨਾਹੀਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ; ਹੇ ਸੱਚੇ ਸਾਹਿਬਾ, ਤੇਰੇ ਘਰ ਕੀ ਨਹੀਂ ਹੈ? ਭਾਵ ਤੇਰੇ ਘਰ ਸਭ ਕੁਝ ਹੈ। |

ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਦੀ ਪਹਿਲੀ ਪੰਕਤੀ ਬਹੁਤ ਹੌਂਸਲਾ ਦੇਣਵਾਲੀ ਹੈ। ਗੁਰੂ ਜੀ ਦਸਦੇ ਹਨ ਕਿ ਸੱਚੇ ਸਾਹਿਬ ਅਕਾਲ ਪੁਰਖ ਦੇ ਘਰ ਸਭ ਕੁਝ ਹੈ ਪਰ ਜਿਸ ਉਪਰ ਉਹ ਕਿਰਪਾ ਕਰੇ ਉਸਨੂੰ ਦਿੰਦਾ ਹੈ। ਤੀਜੀ ਪੰਕਤੀ ਵਿਚ ਦਸਦੇ ਹਨ ਕਿ ਇਹ ਕਿਰਪਾ ਕਿਵੇਂ ਹੁੰਦੀ ਹੈ। ਇਹ ਕਿਰਪਾ ਹੁੰਦੀ ਹੈ ਸਦਾ ਸਿਫਤਿ ਸਾਲਾਹ ਕਰਨ ਨਾਲ। ਸਿਫਤਿ ਸਾਲਾਹ ਦਾ ਭਾਵ ਸਦਾ ਹੀ ਗੁਰਬਾਣੀ ਰੂਪੀ ਉਸਤਤਿ ਕਰਨ ਤੋ ਹੁੰਦਾ ਹੈ। ਅਲਪੱਗ ਬੁਧੀ ਵਾਲੇ ਜੀਵ ਅਕਾਲ ਪੁਰਖ ਦੀ ਕੀ ਸਿਫਤਿ ਸਾਲਾਹ ਕਰ ਸਕਦੇ ਹਨ। ਅਕਾਲ ਪੁਰਖ ਦੀ ਉਸਤਤਿ ਅਤੇ ਸਿਫਤਿ ਸਾਲਾਹ ਤਾਂ ਉਹ ਹੀ ਕਰ ਸਕਦਾ ਹੈ ਜੋ ਉਸਨੂੰ ਜਾਣਦਾ ਹੋਵੇ। ਸਤਿਗੁਰੂ ਵਾਲੀ ਜਾਣਣੀ ਅਕਾਲ ਪੁਰਖ ਦੀ ਹੋਰ ਕਿਸੇ ਨੂੰ ਨਹੀਂ ਹੈ। ਸੋ ਇਹ ਗੁਰਮਤਿ ਦਾ ਸਿਧਾਂਤ ਹੈ ਕਿ ਸਿਫਤਿ ਸਾਲਾਹ ਕਰਨ ਦਾ ਤਰੀਕਾ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਨਾ ਹੈ। ਇਹ ਸਚੀ ਸਿਫਤਿ ਸਾਲਾਹ ਕਰਨ ਨਾਲ ਨਾਮ ਮਨ ਵਿਚ ਵੱਸ ਜਾਂਦਾ ਹੈ ਅਤੇ ਨਾਮ ਮਨ ਵਿਚ ਵੱਸਣ ਦਾ ਸਦਕਾ ਸਚਖੰਡੀ ਅਨਹਦ ਧੁਨੀਆਂ ਸੁਣਾਈ ਦਿੰਦੀਆਂ ਹਨ ਜਿਨਾਂ ਦੇ ਅਨੰਦ ਦਾ ਕੋਈ ਪਾਰਾਵਾਰ ਨਹੀਂ ਹੈ।

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਾਚਾ ਨਾਮੁ, ਮੇਰਾ ਆਧਾਰੋ ॥ | | ਸਾਚਾ ਨਾਮੁ = ਗੁਰੂ ਘਰ ਦਾ ਸੱਚਾ ਗੁਰਮਤਿ ਨਾਮ ਗੁਰਮੰਤ੍ਰ; ਮੇਰਾ ਆਧਾਰੋ = ਮੇਰਾ ਆਸਰਾ ਹੈ। | ਸੱਚਾ ਨਾਮ ਮੇਰਾ ਆਸਰਾ ਹੈ। |
| ਸਾਚੁ ਨਾਮੁ ਅਧਾਰੁ ਮੇਰਾ, ਜਿਨਿ ਭੁਖਾ ਸਭਿ ਗਵਾਈਆ ॥ | ਭੁਖਾਂ, ਗਵਾਈਆਂ | ਸਾਚੁ ਨਾਮੁ = ਗੁਰੂਘਰ ਦਾ ਸੱਚਾ ਗੁਰਮਤਿ ਨਾਮ ਗੁਰਮੰਤ੍ਰ; ਆਧਾਰੁ ਮੇਰਾ = ਮੇਰਾ ਆਸਰਾ ਹੈ; ਜਿਨਿ = ਜਿਸ ਨਾਮ ਨੇ; ਭੁਖਾ ਸਭਿ ਗਵਾਈਆ = ਮੇਰੀਆਂ ਸਾਰੀਆਂ ਭੁੱਖਾਂ ਗਵਾ ਦਿਤੀਆਂ। | ਉਹ ਸੱਚਾ ਨਾਮ, ਜਿਸ ਨੇ ਮੇਰੀਆਂ ਸਭ ਭੁੱਖਾਂ ਗਵਾ ਦਿਤੀਆਂ ਹਨ ਭਾਵ ਮੇਰੀਆਂ ਸਭ ਭੁੱਖਾਂ ਖਤਮ ਕਰ ਦਿਤੀਆਂ ਹਨ, ਮੇਰਾ ਆਸਰਾ ਹੈ। |
| ਕਰਿ ਸਾਂਤਿ ਸੁਖ, ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥ | ਸ਼ਾਂਤਿ, ਇਛਾਂ, ਪੁਜਾਈਆਂ | ਕਰਿ ਸਾਂਤਿ ਸੁਖ = ਸੁਖ ਸ਼ਾਂਤੀ ਕਰਕੇ; ਮਨਿ ਆਇ ਵਸਿਆ = ਮਨ ਵਿਚ ਆਏ ਵਸਿਆ; ਜਿਨਿ = ਜਿਸ ਨਾਮ ਨੇ; ਇਛਾ - ਇਛਾ ਦਾ ਬਹੁਵਚਨ; ਪੁਜਾਈਆ = ਪੂਰੀਆਂ ਕੀਤੀਆਂ।<br>੨. ਮਨ ਨੂੰ ਸ਼ਾਂਤੀ ਤੇ ਸੁਖ ਪ੍ਰਦਾਨ ਕਰਕੇ ਮਨ ਵਿਚ ਆਏ ਵਸਿਆ। ਸੋ ਬਿਸ਼ਰਾਮ "ਸੁਖ" ਤੇ ਹੈ ਨਾ ਕਿ "ਮਨਿ" ਤੇ। | ਜਿਸ ਨਾਮ ਨੇ ਮੇਰੇ ਮਨ ਵਿਚ ਸੁਖ ਸ਼ਾਂਤੀ ਕਰ ਦਿਤੀ ਹੈ ਅਤੇ ਸਾਰੀਆਂ ਇਛਾਵਾਂ ਪੂਰੀਆਂ ਕਰ ਦਿਤੀਆਂ ਹਨ, ਸੋ ਨਾਮ ਮੇਰੇ ਮਨ ਵਿਚ ਆਏ ਵਸਿਆ ਹੈ। |
| ਸਦਾ ਕੁਰਬਾਣੁ ਕੀਤਾ, ਗੁਰੂ ਵਿਟਹੁ, ਜਿਸ ਦੀਆ ਏਹਿ ਵਡਿਆਈਆ ॥ | ਵਿਟਹੁੰ, ਵਡਿਆਈਆਂ | ਕੁਰਬਾਣੁ = ਬਲਿਹਾਰ; ਗੁਰੂ ਵਿਟਹੁ = ਗੁਰੂ ਤੋਂ। | ਮੈਂ ਹੁਣ ਸਦਾ (ਆਪਣੇ ਆਪ) ਐਸੇ ਗੁਰੂ ਤੋਂ, ਜਿਸਦੀਆਂ ਇਹ ਵਡਿਆਈਆਂ ਹਨ (ਜੋ ਇਸ ਤੋਂ ਉਪਰਲੀ ਪੰਕਤੀ ਵਿਚ ਦਰਜ ਹਨ), ਕੁਰਬਾਨ ਕੀਤਾ ਹੈ। |
| ਕਹੈ ਨਾਨਕੁ, ਸੁਣਹੁ ਸੰਤਹੁ, ਸਬਦਿ ਧਰਹੁ ਪਿਆਰੋ ॥ | ਸ਼ਬਦਿ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸੰਤਹੁ = ਹੇ ਗੁਰਸਿਖੋ, ਹੇ ਗੁਰਮੁਖੋ; ਸਬਦਿ ਧਰਹੁ ਪਿਆਰੋ = ਸ਼ਬਦ ਨਾਲ ਪਿਆਰ ਧਰੋ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਸੁਣੋ ਹੇ ਸੰਤੋ ਗੁਰਮੁਖੋ, ਸ਼ਬਦ (ਸੱਚੇ ਨਾਮ) ਨਾਲ ਪਿਆਰ ਧਰੋ। |
| ਸਾਚਾ ਨਾਮੁ, ਮੇਰਾ ਆਧਾਰੋ ॥੪॥ | | | |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਗੁਰੂ ਜੀ ਸਚੇ ਨਾਮ ਨੂੰ ਆਪਣਾ ਆਸਰਾ ਬਨਾਉਣ ਦਾ ਹੁਕਮ ਕਰਦੇ ਹਨ ਅਤੇ ਦਸਦੇ ਹਨ ਕਿ ਸਚੇ ਨਾਮ ਦਾ ਆਸਰਾ ਲੈਣ ਨਾਲ ਨਾਮ ਮਨ ਵਿਚ ਆਏ ਵਸਦਾ ਹੈ ਅਤੇ ਇਸਦੇ ਫਲਸਰੂਪ ਸੁਖ ਸ਼ਾਂਤੀ ਵਰਤ ਜਾਂਦੀ ਹੈ ਅਤੇ ਸਭ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਅਜਿਹੇ ਸਤਿਗੁਰੂ ਤੋਂ ਜਿਸ ਤੋਂ ਇਹ ਸੱਚਾ ਨਾਮ ਪ੍ਰਾਪਤ ਹੁੰਦਾ ਹੈ, ਸਦਾ ਕੁਰਬਾਨ ਹੋਣਾ ਚਾਹੀਦਾ ਹੈ। ਅਖੀਰ ਵਿਚ ਗੁਰੂ ਜੀ ਆਪਣੇ ਗੁਰਸਿਖਾਂ ਨੂੰ 'ਸੰਤਹੁ' ਕਹਿ ਕੇ ਹੁਕਮ ਕਰਦੇ ਹਨ ਕਿ ਸ਼ਬਦ ਨਾਲ ਪਿਆਰ ਧਰੋ। ਪਿਆਰ ਧਰਨ ਦਾ ਅਰਥ ਹੈ ਕਿ ਸਦਾ ਹੀ ਇਹ ਨਾਮ ਰੂਪੀ ਸ਼ਬਦ ਧਿਆਨ ਵਿਚ ਕਾਇਮ ਰਖਣਾ ਚਾਹੀਦਾ ਹੈ। | | | |
| ਵਾਜੇ ਪੰਚ ਸਬਦ, ਤਿਤੁ ਘਰਿ ਸਭਾਗੈ ॥ | ਸ਼ਬਦ | ਪੰਚ ਸਬਦ = ਸ੍ਰੇਸ਼ਟ ਸ਼ਬਦ। ਸਚਖੰਡੀ ਕੀਰਤਨ ਦੀਆਂ ਅਨਹਦ ਧੁਨੀਆਂ ਜੋ ਇਥੇ ਮਾਤਲੋਕ ਵਿਚ ਪੁੱਗ ਖਲੋਤੇ ਗੁਰਮੁਖਾਂ ਨੂੰ ਧਿਆਨ ਵਿਚ ਸੁਣਾਈ ਦਿੰਦੀਆਂ ਹਨ; ਘਰਿ ਸਭਾਗੈ = ਸਭਾਗੇ ਘਰ ਵਿਚ, ਸਭਾਗੇ ਸਰੀਰ ਵਿਚ। | ਉਸ ਸਭਾਗੇ ਘਰ ਵਿਚ ਪੰਚ (ਸ੍ਰੇਸ਼ਟ) ਸ਼ਬਦ ਵੱਜਦੇ ਹਨ।<br><br>ਇਥੇ ਜੋਗੀਆਂ ਵਾਲੇ ਅਤੇ ਰਾਧਾ ਸੁਆਮੀ ਆਦਿ ਨਵੇਂ ਧਰਮਾਂ ਵਾਲੇ ਗਿਣਤੀ ਦੇ ਪੰਜ ਸ਼ਬਦਾਂ ਦੀ ਗਲ ਨਹੀਂ ਹੈ ਬਲਕਿ 'ਪੰਚ' ਦਾ ਇਥੇ ਉਹੋ ਅਰਥ ਹੈ ਜੋ ਸ੍ਰੀ ਜਪੁ ਜੀ ਸਾਹਿਬ ਦੀ ਸੋਲਵੀਂ ਪਉੜੀ ਵਿਚ, 'ਪੰਚ ਪਰਵਾਣ ਪੰਚ ਪਰਧਾਨ ॥' ਵਾਲੀ ਪੰਕਤੀ ਵਿਚ ਹੈ। 'ਪੰਚ' ਦਾ ਅਰਥ ਹੈ ਸ੍ਰੇਸ਼ਟ ਸ਼ਬਦ। ਇਸ ਤੋਂ ਪਹਿਲੀ ਪਉੜੀ ਵਿਚ 'ਵਾਜੇ ਸਬਦ ਘਨੇਰੇ' ਦੀ ਗਲ ਕੀਤੀ ਹੈ ਤਾਂ ਇਥੇ ਗਿਣਤੀ ਦੇ ਪੰਜ ਸ਼ਬਦਾਂ ਦੀ ਗਲ ਕਿਵੇਂ ਹੋ ਸਕਦੀ ਹੈ? |
| ਘਰਿ ਸਭਾਗੈ, ਸਬਦ ਵਾਜੇ, ਕਲਾ ਜਿਤੁ ਘਰਿ ਧਾਰੀਆ ॥ | ਸ਼ਬਦ | ਘਰਿ ਸਭਾਗੈ = ਸਭਾਗੇ ਘਰ ਵਿਚ; ਸਬਦ ਵਾਜੇ = ਪੰਚ ਸ਼ਬਦ ਵੱਜੇ; ਕਲਾ = ਅਕਾਲੀ ਸ਼ਕਤੀ।<br><br>੧. 'ਕਲਾ' ਇਥੇ ਇਕ ਵਚਨ ਨਾਂਵ ਹੈ ਇਸ ਕਰਕੇ 'ਧਾਰੀਆ' ਦਾ ਉਚਾਰਨ 'ਧਾਰੀਆਂ' ਨਹੀਂ ਹੈ।<br>੨. 'ਸਭਾਗੈ' ਦਾ ਉਚਾਰਨ 'ਸੁਭਾਗੇ' ਕਰਨਾ ਅਸ਼ੁਧ ਹੈ। | ਉਸ ਸਭਾਗੇ ਘਰ ਵਿਚ ਪੰਚ (ਸ੍ਰੇਸ਼ਟ) ਸ਼ਬਦ ਵੱਜਦੇ ਹਨ ਜਿਸ ਘਰ ਵਿਚ ਤੂੰ (ਹੇ ਅਕਾਲ ਪੁਰਖ) ਆਪਣੀ ਕਲਾ ਧਾਰੀ ਹੋਵੇ ਭਾਵ ਜਿਸ ਉਪਰ ਤੂੰ ਆਪਣੀ ਖਾਸ ਕਿਰਪਾ ਕਰਕੇ ਕਲਾ ਵਰਤਾਵੇਂ। |
| ਪੰਚ ਦੂਤ, ਤੁਧੁ ਵਸਿ ਕੀਤੇ, ਕਾਲੁ ਕੰਟਕੁ ਮਾਰਿਆ ॥ | | ਪੰਚ ਦੂਤ = ਪੰਜ ਬਿਕਾਰ - ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ; ਕਾਲੁ ਕੰਟਕੁ = ਦੁਖਦਾਈ ਕਾਲ, ਕੰਟਕ ਕੰਡੇ ਨੂੰ ਕਹਿੰਦੇ ਹਨ। | (ਹੇ ਅਕਾਲ ਪੁਰਖ, ਜਿਸ ਘਰ ਵਿਚ ਤੂੰ ਕਲਾ ਧਾਰੀ ਹੋਵੇ ਉਸ ਸਰੀਰ ਵਿਚ) ਤੂੰ ਪੰਜ ਦੂਤ ਵੱਸ ਕਰ ਦਿਤੇ ਹਨ ਅਤੇ ਦੁਖਦਾਈ ਕਾਲ ਮਾਰ ਸੁਟਿਆ ਹੈ। |
| ਧੁਰਿ ਕਰਮਿ ਪਾਇਆ, ਤੁਧੁ ਜਿਨ ਕਉ, ਸਿ, ਨਾਮਿ ਹਰਿ ਕੈ ਲਾਗੇ ॥ | | ਧੁਰਿ = ਧੁਰ ਤੋਂ; ਕਰਮਿ = ਕਰਮ ਕਰਕੇ, ਮਿਹਰ ਰਾਹੀਂ; ਨਾਮਿ = ਨਾਮ ਵਿਚ। | ਧੁਰੋਂ ਹੀ ਆਪਣੀ ਮਿਹਰ ਰਾਹੀਂ ਜਿਨਾਂ ਦੇ ਭਾਗਾਂ ਵਿਚ ਤੂੰ ਪਾਇਆ ਹੋਵੇ, ਉਹ ਹੀ ਹਰੀ ਦੇ ਨਾਮ ਵਿਚ ਲਗਦੇ ਹਨ ਭਾਵ ਉਹੋ ਹੀ ਨਾਮ ਜਪਣ ਦੇ ਕਾਰਜ ਵਿਚ ਲਗਦੇ ਹਨ। |
| ਕਹੈ ਨਾਨਕੁ, ਤਹ ਸੁਖੁ ਹੋਆ, ਤਿਤੁ ਘਰਿ ਅਨਹਦ ਵਾਜੇ ॥੫॥ | ਤਹਾਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਘਰਿ = ਹਿਰਦੇ ਰੂਪੀ ਘਰ ਵਿਚ; ਅਨਹਦ ਵਾਜੇ = ਹੱਦ ਤੋ ਰਹਿਤ, ਬੇਹੱਦ, ਸਚਖੰਡੀ ਕੀਰਤਨ ਧੁਨੀਆਂ ਜੋ ਗੁਰਮੁਖਾਂ ਨੂੰ ਮਾਤਲੋਕ ਵਿਚ ਧਿਆਨ ਵਿਚ ਸੁਣਦੀਆਂ ਹਨ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਉਸ ਹਿਰਦੇ ਰੂਪੀ ਘਰ ਵਿਚ (ਜਿਸ ਘਰ ਵਿਚ ਨਾਮ ਸਿਮਰਨ ਹੁੰਦਾ ਹੋਵੇ) ਸੁਖ ਹੋਇਆ ਹੈ ਅਤੇ ਉਥੇ ਅਨਹਦ ਵਾਜੇ ਵੱਜੇ ਹਨ। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਹਜ਼ੂਰ ਨੇ ਗਰਮੁਖਾਂ ਦੇ ਸਭਾਗੇ ਨਿਜ ਘਰਾਂ ਵਿਚ ਪੰਚ ਸ਼ਬਦ ਵੱਜਣ ਦੀ ਗਲ ਕੀਤੀ ਹੈ। ਅਕਸਰ ਰਾਧਾ ਸੁਆਮੀ ਅਤੇ ਹੋਰ ਅਜਿਹੇ ਮੱਤ, ਇਸ ਪੰਕਤੀ ਦਾ ਪ੍ਰਯੋਗ ਆਪਣੇ ਮੱਤ ਦੇ ਗਿਣਤੀ ਦੇ ਪੰਜ ਸ਼ਬਦਾਂ ਪਰਥਾਏ ਕਰਦੇ ਹਨ ਜੋ ਕਿ ਸਰਾਸਰ ਗ਼ਲਤ ਹੈ। ਗੁਰਮਤਿ ਇਹਨਾਂ ਗਿਣਤੀ ਦੇ ਪੰਚ ਸ਼ਬਦਾਂ ਨੂੰ ਮਾਨਤਾ ਨਹੀਂ ਦਿੰਦੀ। ਰਾਧਾ ਸੁਆਮੀਆਂ ਦੇ ਗਿਣਤੀ ਦੇ ਪੰਜ ਸ਼ਬਦ ਇਸ ਪ੍ਰਕਾਰ: ਘੰਟਾ, ਮ੍ਰਿਦੰਗ ਅਤੇ ਬੱਦਲ ਦੀ ਗਰਜਾਹਟ, ਕਿੰਗਰੀ (ਇਕਤਾਰਾ), ਬੰਸਰੀ ਅਤੇ ਬੀਨਾ। ਜੋਗੀਆਂ ਦੇ ਪੰਜ ਸ਼ਬਦ ਹਨ: ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ (ਬੰਸਰੀ) ਅਤੇ ਬੀਨਾ। ਰਾਧਾ ਸੁਆਮੀਆਂ ਨੇ ਪੰਜ ਸ਼ਬਦਾਂ ਦਾ ਸਿਧਾਂਤ ਜੋਗੀਆਂ ਤੋਂ ਲਿਆ ਜਾਪਦਾ ਹੈ। ਖੈਰ ਗੁਰਮਤਿ ਦੇ ਅਨਹਦ ਸ਼ਬਦ ਜਾਂ ਪੰਜ ਸ਼ਬਦ ਅਸਲ ਵਿਚ ਸਚਖੰਡ ਵਿਚ, ਅਕਾਲ ਪੁਰਖ ਦੀ ਹੋ ਰਹੀ ਕੀਰਤ (ਸਿਫਤਿ ਸਾਲਾਹ) ਦੀ ਧੁਨੀ ਹੈ। ਕੀਰਤਨ ਧੁਨੀਆਂ ਵਿਚ ਤਾਂ ਗਿਆਨ ਹੈ ਪਰ ਜੋਗੀਆਂ ਜਾਂ ਰਾਧਾ ਸੁਆਮੀਆਂ ਦੇ ਅਨੁਮਾਨ ਕੀਤੇ ਹੋਏ ਫੋਕੇ ਸੰਗੀਤਕ ਨਾਦਾਂ ਵਿਚ ਕੀ ਬਿਬੇਕ ਜਾਂ ਗਿਆਨ ਧਰਿਆ ਹੋਇਆ ਹੈ? ਅਫਸੋਸ ਦੀ ਗੱਲ ਹੈ ਕਿ ਸਿਖਾਂ ਵਿਚ ਇਹਨਾਂ ਗੁਰਮਤਿ ਸਿਧਾਂਤਾਂ ਦੇ ਗਿਆਨ ਦਾ ਅਭਾਵ ਹੋਣ ਕਰਕੇ, ਰਾਧਾ ਸੁਆਮੀ ਅਤੇ ਹੋਰ ਅਜਿਹੇ ਮੱਤ ਜੋ ਦੇਹਧਾਰੀ ਗੁਰੂਆਂ ਨੂੰ ਮੰਨਦੇ ਹਨ, ਭੋਲੇ ਭਾਲੇ ਸਿਖਾਂ ਨੂੰ ਪੰਚ ਸ਼ਬਦ, ਦਸਮ ਦੁਆਰ, ਤ੍ਰਿਕੁਟੀ ਆਦਿ ਪੇਚੀਦਾ ਵਿਸ਼ਿਆਂ ਬਾਰੇ ਗ਼ਲਤ ਜਾਣਕਾਰੀ ਦੇ ਕੇ ਭਰਮਾ ਰਹੇ ਹਨ। ਪੰਚ ਸ਼ਬਦ, ਅਨਹਦ ਸ਼ਬਦ ਅਤੇ ਦਸਮ ਦੁਆਰ ਦੇ ਵਿਸ਼ੇ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਇਕ ਅਨਮੋਲ ਪੁਸਤਕ ਹੈ ਜੋ ਜੋਗੀਆਂ ਅਤੇ ਗੁਰੂ ਡੰਮਾਂ ਦਾ ਖੰਡਨ ਕਰਦੀ ਹੋਈ ਤੱਤ ਗੁਰਮਤਿ ਗਿਆਨ ਦਾ ਪ੍ਰਗਟਾਵਾ ਕਰਦੀ ਹੈ। | | | |
| ਸਾਚੀ ਲਿਵੈ ਬਿਨੁ, ਦੇਹ ਨਿਮਾਣੀ ॥ | | ਸਾਚੀ ਲਿਵੈ ਬਿਨੁ = ਸੱਚੀ ਲਿਵ ਤੋਂ ਬਿਨਾ। ਜਦੋਂ ਗੁਰਮਤਿ ਨਾਮ ਵਿਚ ਸਾਧਕ ਦਾ ਧਿਆਨ ਲੰਬੇ ਸਮੇਂ ਵਾਸਤੇ ਲਗਿਆ ਰਹੇ ਤਾਂ ਉਸ ਅਵਸਥਾ ਨੂੰ ਲਿਵ ਕਹਿੰਦੇ ਹਨ; ਦੇਹ = ਸਰੀਰ; ਨਿਮਾਣੀ = ਮਾਣ ਤੋਂ ਰਹਿਤ। | (ਗੁਰਮਤਿ ਨਾਮ ਰਾਹੀਂ ਅਕਾਲ ਪੁਰਖ ਨਾਲ) ਸੱਚੀ ਲਿਵ ਤੋਂ ਬਿਨਾਂ ਇਹ ਦੇਹੀ ਨਿਮਾਣੀ ਹੈ ਭਾਵ ਇਜ਼ਤ ਤੋਂ ਰਹਿਤ ਹੈ।<br><br>ਲਿਵ ਤੋਂ ਬਿਨਾ ਇਹ ਦੇਹੀ ਇਸ ਕਰਕੇ ਨਿਮਾਣੀ ਹੈ ਕਿਉਂਕਿ ਜਿਸ ਕੰਮ ਕਰਕੇ ਇਹ ਮਨੁੱਖਾ ਸਰੀਰ ਧਾਰਿਆ ਜਾਂਦਾ ਹੈ, ਉਹ ਪ੍ਰਭੂ ਪ੍ਰਾਪਤੀ ਵਾਲਾ ਕੰਮ ਜੇਕਰ ਇਸ ਸਰੀਰ ਵਿਚ ਰਹਿ ਕੇ ਜੀਵ ਆਤਮਾ ਨਹੀਂ ਕਰਦੀ ਤਾਂ ਇਹ ਸਰੀਰ ਬੇਕਾਰ ਹੈ ਜਿਸ ਕਰਕੇ ਇਸਨੂੰ ਨਿਮਾਣਾ ਕਿਹਾ ਗਿਆ ਹੈ। |

| ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
| ਦੇਹ ਨਿਮਾਣੀ, ਲਿਵੈ ਬਾਝਹੁ, ਕਿਆ ਕਰੇ ਵੇਚਾਰੀਆ ॥ | ਬਾਝਹੁੰ | ਦੇਹ = ਦੇਹੀ, ਸਰੀਰ; ਨਿਮਾਣੀ = ਮਾਣ ਤੋਂ ਰਹਿਤ; ਲਿਵੈ ਬਾਝਹੁ = ਲਿਵ ਤੋ ਬਿਨਾਂ; ਵੇਚਾਰੀਆ = ਚਾਰੇ ਤੋਂ ਰਹਿਤ ਭਾਵ ਜਿਸ ਪਾਸ ਕੋਈ ਚਾਰਾ ਨਾ ਹੋਵੇ, ਹੈਲਪਲੈਸ।<br><br>ਜਦੋਂ ਗੁਰਮਤਿ ਨਾਮ ਵਿਚ ਸਾਧਕ ਦਾ ਧਿਆਨ ਲੰਬੇ ਸਮੇਂ ਵਾਸਤੇ ਲਗਿਆ ਰਹੇ ਤਾਂ ਉਸ ਅਵਸਥਾ ਨੂੰ ਲਿਵ ਕਹਿੰਦੇ ਹਨ। | ਇਹ ਦੇਹ ਨਿਮਾਣੀ ਹੈ, (ਸਚੇ ਨਾਮ ਰਾਹੀਂ ਅਕਾਲ ਪੁਰਖ ਨਾਲ) ਲਿਵ ਤੋਂ ਬਿਨਾ ਪਰ ਇਹ ਵਿਚਾਰੀ ਕੀ ਕਰੇ?<br><br>'ਕਿਆ ਕਰੇ ਵੇਚਾਰੀਆ' ਕਹਿਣ ਦਾ ਭਾਵ ਹੈ ਕਿ ਹੇ ਅਕਾਲ ਪੁਰਖ ਇਹ ਵਿਚਾਰੀ ਕੀ ਕਰ ਸਕਦੀ ਹੈ, ਤੁਸੀਂ ਆਪ ਹੀ ਕਿਰਪਾ ਕਰੋ ਕਿ ਲਿਵ ਲਗ ਸਕੇ। |
| ਤੁਧੁ ਬਾਝੁ, ਸਮਰਥ ਕੋਇ ਨਾਹਿ, ਕ੍ਰਿਪਾ ਕਰਿ, ਬਨਵਾਰੀਆ ॥ | ਨਾਹੀਂ | ਤੁਧੁ ਬਾਝੁ = ਤੇਰੇ ਤੋਂ ਬਿਨਾ; ਬਨਵਾਰੀਆ = ਬਨ+ਵਾਲੀ=ਬਨ (ਜੰਗਲ) ਦਾ ਮਾਲਕ, ਹੇ ਬਨਵਾਰੀ, ਹੇ ਅਕਾਲ ਪੁਰਖ। | ਤੇਰੇ ਬਾਝ ਕੋਈ ਹੋਰ ਸਮਰੱਥ ਨਹੀਂ ਹੈ (ਜੋ ਇਸ ਦੇਹੀ ਵਿਚ ਰਹਿ ਰਹੀ ਜੀਵ ਆਤਮਾ ਦੀ ਲਿਵ ਲਾ ਦੇਵੇ), ਸੋ ਤੂੰ ਕਿਰਪਾ ਕਰ ਹੇ ਬਨਵਾਰੀ (ਹੇ ਅਕਾਲ ਪੁਰਖ)। |
| ਏਸ ਨਉ, ਹੋਰੁ ਥਾਉ ਨਾਹੀ, ਸਬਦਿ ਲਾਗਿ ਸਵਾਰੀਆ ॥ | ਨਉਂ, ਥਾਂਉਂ, ਨਾਹੀਂ | ਏਸ ਨਉ - ਇਸਨੂੰ (ਦੇਹ ਨੂੰ); ਸਬਦਿ ਲਾਗਿ = ਸ਼ਬਦ ਵਿਚ ਲੱਗ ਕੇ; ਸਵਾਰੀਆ = ਸਵਾਰੀ ਜਾਂਦੀ ਹੈ। | ਇਸ ਦੇਹੀ ਨੂੰ ਹੋਰ ਕੋਈ ਥਾਂ ਨਹੀਂ ਹੈ (ਬਸ ਕੇਵਲ) ਸ਼ਬਦ (ਸਚੇ ਗੁਰਮਤਿ ਨਾਮ) ਵਿਚ ਲਗ ਕੇ ਸਵਾਰੀ ਜਾ ਸਕਦੀ ਹੈ। |
| ਕਹੈ ਨਾਨਕੁ, ਲਿਵੈ ਬਾਝਹੁ, ਕਿਆ ਕਰੇ ਵੇਚਾਰੀਆ ॥੬॥ | ਬਾਝਹੁੰ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਲਿਵੈ ਬਾਝਹੁ = ਲਿਵ ਤੋਂ ਬਿਨਾਂ; ਵੇਚਾਰੀਆ = ਵਿਚਾਰੀ, ਚਾਰੇ ਤੋਂ ਰਹਿਤ, ਜਿਸ ਪਾਸ ਕੋਈ ਚਾਰਾ ਨਾ ਹੋਵੇ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਇਹ ਦੇਹੀ (ਸਚੇ ਨਾਮ ਨਾਲ) ਲਿਵ ਲਾਉਣ ਤੋਂ ਬਿਨਾ, ਵਿਚਾਰੀ ਕੀ ਕਰ ਸਕਦੀ ਹੈ। |
| ਸਾਰੰਸ਼ ਅਤੇ ਤੱਤਸਾਰ: ਜੇਕਰ ਕੋਈ ਆਪਣੀ ਜ਼ਿਮੇਵਾਰੀ ਪੂਰੀ ਨਾ ਕਰੇ ਜਾਂ ਆਪਣੇ ਫਰਜ਼ ਨਾਲ ਕੁਤਾਹੀ ਕਰੇ ਤਾਂ ਉਸਦੀ ਇਜ਼ਤ ਨਹੀਂ ਹੁੰਦੀ। ਇਸੇ ਤਰ੍ਹਾਂ ਜਿਸ ਦੇਹੀ ਰਾਹੀਂ ਗੁਰਮਤਿ ਤੇ ਚਲ ਕੇ ਸਚੇ ਨਾਮ ਨਾਲ ਲਿਵ ਨਾ ਲਈ ਜਾਵੇ, ਉਸ ਦੇਹੀ ਦਾ ਕੀ ਫਾਇਦਾ? ਗੁਰੂ ਜੀ ਦਾ ਸਪਸ਼ਟ ਹੁਕਮ ਹੈ ਕਿ 'ਭਈ ਪ੍ਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ ॥' ਸੋ ਜੋ ਕੋਈ ਵੀ ਇਹ ਮਕਸਦ ਹਾਸਲ ਕਰਨ ਲਈ ਇਸ ਦੇਹੀ ਵਿਚ ਉਪਰਾਲਾ ਨਹੀਂ ਕਰਦਾ, ਉਸਦੀ ਦੇਹੀ ਨਿਮਾਣੀ ਹੈ, ਇਜ਼ਤ ਵਾਲੀ ਨਹੀਂ ਹੈ। | | | |
| ਆਨੰਦੁ ਆਨੰਦੁ, ਸਭੁ ਕੋ ਕਹੈ, ਆਨੰਦੁ, ਗੁਰੂ ਤੇ ਜਾਣਿਆ ॥ | | ਆਨੰਦੁ = ਗੁਰਮਤਿ ਪਰਮਾਰਥੀ ਖੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ; ਸਭੁ ਕੋ = ਹਰ ਕੋਈ। | ਹੋਰ ਕੋਈ 'ਆਨੰਦੁ' 'ਆਨੰਦੁ' ਕਹਿ ਰਿਹਾ ਹੈ ਪਰ (ਅਸਲ) ਆਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ।<br><br>ਆਮ ਹੀ ਲੋਕ ਛੋਟੀ ਮੋਟੀ ਗਲ ਤੇ ਕਹਿ ਦਿੰਦੇ ਹਨ ਕਿ ਅਨੰਦ ਆ ਗਿਆ। ਕਈ ਪਖੰਡੀ ਲੋਕਾਂ ਨੂੰ ਭਰਮਾਉਣ ਲਈ ਵੀ ਅਨੰਦ ਹੋਣ ਦਾ ਦਾਅਵਾ ਕਰਦੇ ਹਨ ਪਰ ਅਸਲ ਅਨੰਦ ਜੋ ਹੈ, ਸੋ ਗੁਰੂ ਤੋਂ ਪ੍ਰਾਪਤ ਹੁੰਦਾ ਹੈ। |
| ਜਾਣਿਆ ਆਨੰਦੁ ਸਦਾ, ਗੁਰ ਤੇ, ਕ੍ਰਿਪਾ ਕਰੇ ਪਿਆਰਿਆ ॥ | | ਆਨੰਦੁ = ਗੁਰਮਤਿ ਪਰਮਾਰਥੀ ਖੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ; ਕ੍ਰਿਪਾ = ਮਿਹਰ। | ਸਦਾ ਰਹਿਣ ਵਾਲਾ ਆਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ, ਜਿਸਨੂੰ ਪਿਆਰਾ (ਅਕਾਲ ਪੁਰਖ) ਕਿਰਪਾ ਕਰੇ।<br><br>ਇਹ ਗੁਰਮਤਿ ਦਾ ਸਿਧਾਂਤ ਹੈ ਕਿ ਜਿਸਨੋ ਅਕਾਲ ਪੁਰਖ ਸੰਸਾਰ ਸਾਗਰ ਤੋਂ ਤਾਰਨਾ ਚਾਹੁੰਦਾ ਹੈ, ਉਸਨੂੰ ਸਤਿਗੁਰੂ ਦੀ ਪ੍ਰਾਪਤੀ ਕਰਾਉਂਦਾ ਹੈ ਅਤੇ ਫੇਰ ਸਤਿਗੁਰੂ ਦੀ ਕਿਰਪਾ ਸਦਕਾ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਅਕਾਲ ਪੁਰਖ ਗੁਰਪ੍ਰਸਾਦਿ ਹੈ। ਇਸ ਪੰਕਤੀ ਵਿਚ ਇਹ ਸਮਝਾਇਆ ਗਿਆ ਹੈ ਕਿ ਜਿਸ ਉਪਰ ਪਿਆਰਾ (ਅਕਾਲ ਪੁਰਖ) ਕਿਰਪਾ ਕਰਦਾ ਹੈ, ਉਹ ਗੁਰੂ ਤੋਂ ਸਦੀਵੀ ਅਨੰਦ ਦੀ ਪ੍ਰਾਪਤੀ ਕਰਦਾ ਹੈ। |
| ਕਰਿ ਕਿਰਪਾ, ਕਿਲਵਿਖ ਕਟੇ, ਗਿਆਨ ਅੰਜਨੁ ਸਾਰਿਆ ॥ | | ਕਿਲਵਿਖ = ਪਾਪ; ਗਿਆਨ ਅੰਜਨੁ = ਗਿਆਨ ਦਾ ਸੁਰਮਾ; ਸਾਰਿਆ = ਪਾਇਆ। | (ਆਨੰਦ ਤੋਂ ਪਹਿਲਾਂ ਗੁਰੂ ਕੀ ਕਰਦਾ ਹੈ, ਉਹ ਹਜ਼ੂਰ ਦਸਦੇ ਹਨ ਕਿ) ਕਿਰਪਾ ਕਰਕੇ ਕਿਲਵਿਖ ਕੱਟ ਦਿਤੇ ਅਤੇ ਅੱਖਾਂ ਵਿਚ ਗਿਆਨ ਦਾ ਸੁਰਮਾ ਪਾਇਆ।<br><br>ਗਿਆਨ ਅੰਜਨੁ ਦੇਣ ਦਾ ਭਾਵ ਹੈ ਕਿ ਗਿਆਨ ਦੀ ਬਖਸ਼ਿਸ਼ ਕਰਨੀ ਜਿਸ ਸਦਕਾ ਸਾਧਕ ਦਾ ਦੇਖਣ ਅਤੇ ਸੋਚਣ ਬਦਲ ਜਾਂਦਾ ਹੈ। ਜਦੋਂ ਸਤਿਗੁਰੂ ਕਿਲਵਿਖ ਕੱਟ ਦਿਤੇ ਅਤੇ ਗਿਆਨ ਬਖਸ਼ ਦਿਤਾ ਤਾਂ ਮਾਇਆਵੀ ਸੋਚ ਬਦਲ ਜਾਂਦੀ ਹੈ ਜਿਸ ਸਦਕਾ ਦੇਖਣ ਦਾ ਮਾਇਆਵੀ ਨਜ਼ਰੀਆ ਬਦਲ ਜਾਂਦਾ ਹੈ। ਪਰਤ੍ਰਿਅ ਅਤੇ ਪਰਧਨ ਦੇਖਣ ਵਾਲੇ ਨੈਨ ਹੁਣ ਪਵਿਤ੍ਰ ਹੋ ਜਾਂਦੇ ਹਨ ਭਾਵ ਨਜ਼ਰ ਸਾਫ ਹੋ ਜਾਂਦੀ ਹੈ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਅੰਦਰਹੁ, ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦੁ, ਸਚੈ ਸਵਾਰਿਆ ॥ | ਅੰਦਰਹੁਂ, ਸ਼ਬਦ | ਅੰਦਰਹੁ = ਅੰਦਰੋਂ, ਮਨੋਂ; ਮੋਹੁ ਤੁਟਾ = ਮੋਹ ਟੁਟਿਆ ਹੈ; ਸਬਦੁ = ਨਾਮ ਗੁਰਮੰਤ੍ਰ ਰੂਪੀ ਸ਼ਬਦ; ਸਚੈ = ਸਚੇ ਸਾਹਿਬ ਅਕਾਲ ਪੁਰਖ ਨੇ; ਸਵਾਰਿਆ = ਸਵਾਰਿਆ ਹੈ ਭਾਵ ਸ਼ਬਦ ਘੜ ਦਿਤਾ ਹੈ। | ਅੰਦਰੋਂ ਜਿਸਦਾ ਮੋਹ ਟੁੱਟ ਗਿਆ ਹੋਵੇ (ਸਮਝੋ ਕਿ) ਉਹਨਾਂ ਦਾ ਸ਼ਬਦ ਸਚੇ ਸਾਹਿਬ ਨੇ ਸਵਾਰ ਦਿਤਾ ਹੈ।<br><br>'ਸਬਦੁ ਸਵਾਰਿਆ' ਦਾ ਭਾਵ ਇਹ ਹੈ ਕਿ ਨਾਮ ਗੁਰਮੰਤ੍ਰ ਰੂਪੀ ਸ਼ਬਦ ਉਹਨਾਂ ਦਾ ਸਾਫ ਸਪਸ਼ਟ ਹੋ ਜਾਂਦਾ ਹੈ ਭਾਵ ਕਲੀਅਰ ਹੋ ਜਾਂਦਾ ਹੈ। ਜਦੋਂ ਪਹਿਲੇ ਪਹਿਲ ਨਾਮ ਜਪੀਦਾ ਹੈ ਤਾਂ ਨਾਮ ਨੂੰ ਸੁਨਣਾ ਬਹੁਤ ਮੁਸ਼ਕਿਲ ਲਗਦਾ ਹੈ। ਮਨ ਦੇ ਰੌਲ ਘਚੌਲੇ ਕਰਕੇ ਨਾਮ ਸੁਣਦਾ ਹੀ ਨਹੀਂ ਪਰ ਜਦੋਂ ਗੁਰੂ ਜੀ ਦੀ ਕਿਰਪਾ ਹੋ ਜਾਵੇ ਤਾਂ ਨਾਮ ਜਪਦੇ ਹੋਏ, ਭੀਤਰਿ ਨਾਮ ਬਹੁਤ ਹੀ ਸਪਸ਼ਟ ਧੁਨਿ ਵਿਚ ਸੁਣਾਈ ਦੇਣ ਲਗ ਜਾਂਦਾ ਹੈ। ਨਾਮ ਸਪਸ਼ਟ ਅਤੇ ਕਲੀਅਰ ਸੁਣੇ ਬਗ਼ੈਰ ਨਾਮ ਜਪਣ ਦੇ ਫਲ ਪ੍ਰਾਪਤ ਨਹੀਂ ਹੁੰਦੇ। ਜਿਨਾਂ ਦਾ ਸ਼ਬਦ ਸਵਾਰਿਆ ਜਾਂਦਾ ਹੈ ਭਾਵ ਜਿਨਾਂ ਨੂੰ ਨਾਮ ਜਪਦੇ ਹੋਏ ਸਪਸ਼ਟ ਤੌਰ ਨਾਮ ਸੁਨਣ ਲਗ ਜਾਂਦਾ ਹੈ, ਉਹਨਾਂ ਦਾ ਮੋਹ ਕੀ, ਸਾਰੇ ਬਿਕਾਰ ਹੀ ਟੁੱਟ ਜਾਂਦੇ ਹਨ। |
| ਕਹੈ ਨਾਨਕੁ, ਏਹੁ ਅਨੰਦੁ ਹੈ, ਆਨੰਦੁ ਗੁਰ ਤੇ ਜਾਣਿਆ॥੭॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਅਨੰਦੁ = ਗੁਰਮਤਿ ਪਰਮਾਰਥੀ ਖ਼ੁਸ਼ੀ ਜੋ ਕਿ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦੀ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਇਹ ਹੈ ਅਸਲ ਅਨੰਦ (ਜਿਨਾਂ ਦਾ ਸ਼ਬਦ ਸਵਾਰ ਦਿਤਾ ਹੈ) ਅਤੇ ਇਹ ਆਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ। |
| ਸਾਰੰਸ਼ ਅਤੇ ਤੱਤਸਾਰ: ਅਨੰਦ ਲਫਜ਼ ਨੂੰ ਲੋਕਾਂ ਨੇ ਬਹੁਤ ਸਸਤਾ ਬਣਾ ਦਿਤਾ ਹੈ ਅਤੇ ਜਣਾ ਖਣਾ ਹੀ ਮਾਮੂਲੀ ਜੇਹੀ ਖ਼ੁਸ਼ੀ ਲਈ 'ਆਨੰਦ' ਲਫਜ਼ ਦਾ ਇਸਤੇਮਾਲ ਕਰਦਾ ਹੈ। ਇਸ ਤੋਂ ਇਲਾਵਾ ਕਈ ਪਖੰਡੀ ਸੰਤ ਅਤੇ ਨਕਲੀ ਗੁਰੂ ਆਪਣੀਆਂ ਝੂਠ ਦੀਆਂ ਦੁਕਾਨਾਂ ਖੋਲ ਕੇ ਬੈਠੇ ਹਨ ਅਤੇ ਰਈਅਤ (ਜਨਤਾ) ਨੂੰ ਆਨੰਦ ਦਾ ਸੌਦਾ ਵੇਚਣ ਦਾ ਦਾਅਵਾ ਕਰਦੇ ਹਨ ਪਰ ਧੰਨ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਘਰ ਤੋਂ ਬਾਹਰ ਤੱਤ ਆਨੰਦ ਦੀ ਵਸਤੂ ਨਹੀਂ ਹੈ। ਸਤਿਗੁਰੂ ਜੀ ਪਾਸੋਂ ਨਾਮ ਦਾਨ ਲੈ ਕੇ, ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ; ਹੋਰ ਕਿਸੇ ਬਿਧਿ ਨਹੀਂ। ਆਨੰਦ ਦੀ ਪ੍ਰਾਪਤੀ ਤੋਂ ਪਹਿਲਾਂ ਕਿਲਵਿਖਾਂ (ਪਾਪਾਂ) ਦਾ ਨਾਸ ਹੁੰਦਾ ਹੈ ਅਤੇ ਸਾਧਕ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਫੇਰ ਉਹਨਾਂ ਦਾ ਸ਼ਬਦ ਸਵਾਰਿਆ ਜਾਂਦਾ ਹੈ ਜਿਸ ਸਦਕਾ ਉਹਨਾਂ ਦੇ ਅੰਦਰੋਂ ਮਾਇਆ ਦਾ ਮੋਹ ਟੁੱਟ ਜਾਂਦਾ ਹੈ। ਫੇਰ ਜਾ ਕੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਗਲੀਂ ਬਾਤੀਂ ਨਹੀਂ। | | | |
| ਬਾਬਾ, ਜਿਸੁ ਤੂ ਦੇਹਿ, ਸੋਈ ਜਨੁ ਪਾਵੈ ॥ | ਦੇਹਿਂ | ਬਾਬਾ = ਹੇ ਬਾਬਾ, ਹੇ ਪਿਤਾ ਅਕਾਲ ਪੁਰਖ; ਦੇਹਿ = ਜਿਸਨੂੰ ਤੂੰ ਦੇਵੇਂ; ਸੋਈ ਜਨ ਪਾਵੈ = ਓਹੀ ਜਨ ਪਾਉਂਦਾ ਹੈ। | ਹੇ ਬਾਬਾ, ਜਿਸਨੂੰ ਤੂੰ ਦੇਵੇਂ ਉਹੀ ਜਨ ਪਾਉਂਦਾ ਹੈ।<br><br>ਤੀਜੀ ਪੰਕਤੀ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਇਥੇ ਨਾਮ ਦੀ ਦਾਤਿ ਦੇਣ ਦੀ ਗੱਲ ਹੈ। |
| ਪਾਵੈ ਤ ਸੋ ਜਨੁ, ਦੇਹਿ ਜਿਸਨੋ, ਹੋਰਿ, ਕਿਆ ਕਰਹਿ ਵੇਚਾਰਿਆ ॥ | ਦੇਹਿਂ, ਕਰਹਿਂ | ਦੇਹਿ = ਤੂੰ ਦੇਵੇਂ; ਕਿਆ ਕਰਹਿ = ਕੀ ਕਰਨ; ਵੇਚਾਰਿਆ = ਵਿਚਾਰੇ, ਲਾਚਾਰ, ਜਿਨਾਂ ਪਾਸ ਕੋਈ ਚਾਰਾ ਨਾ ਹੋਵੇ। | ਉਹੀ ਜਨ ਪਾਉਂਦਾ ਹੈ ਜਿਸਨੂੰ ਤੂੰ ਦੇਵੇਂ (ਹੇ ਬਾਬਾ), ਹੋਰ ਵਿਚਾਰੇ (ਜਿਨਾਂ ਨੂੰ ਤੂੰ ਨਹੀਂ ਦਿੰਦਾ) ਕੀ ਕਰਨ (ਕੀ ਕਰ ਸਕਦੇ ਹਨ ਭਾਵ ਕੁਝ ਨਹੀਂ ਕਰ ਸਕਦੇ)। |
| ਇਕਿ, ਭਰਮਿ ਭੂਲੇ, ਫਿਰਹਿ ਦਹਦਿਸਿ, ਇਕਿ, ਨਾਮਿ ਲਾਗਿ ਸਵਾਰਿਆ ॥ | ਫਿਰਹਿਂ | ਇਕਿ = ਕਈ; ਭਰਮਿ ਭੂਲੇ = ਭਰਮ ਵਿਚ ਭੁੱਲੇ ਹੋਏ; ਫਿਰਹਿ = ਫਿਰਦੇ ਹਨ; ਦਹਦਿਸਿ = ਦਸਾਂ ਦਿਸ਼ਾਵਾਂ ਵਿਚ; ਨਾਮਿ ਲਾਗਿ ਸਵਾਰਿਆ = ਨਾਮ ਵਿਚ ਲਾ ਕੇ ਸਵਾਰ ਦਿਤੇ। | ਕਈ ਭਰਮ ਵਿਚ ਭੁਲੇ ਹੋਏ ਦਸਾਂ ਦਿਸ਼ਾਵਾਂ (ਪਾਸਿਆਂ) ਵਿਚ (ਭਟਕਦੇ) ਫਿਰਦੇ ਹਨ, ਕਈ (ਅਕਾਲ ਪੁਰਖ ਨੇ) ਨਾਮ ਵਿਚ ਲਾ ਕੇ ਸਵਾਰ ਦਿਤੇ ਹਨ। |
| ਗੁਰਪਰਸਾਦੀ, ਮਨੁ ਭਇਆ ਨਿਰਮਲੁ, ਜਿਨਾ ਭਾਣਾ ਭਾਵਏ ॥ | ਜਿਨਾਂ | ਗੁਰਪਰਸਾਦੀ = ਗੁਰੂ ਦੀ ਕਿਰਪਾ ਦੁਆਰਾ; ਭਇਆ = ਹੋਇਆ; ਨਿਰਮਲੁ = ਨਿਰ+ਮਲੁ=ਮੈਲ ਤੋਂ ਰਹਿਤ, ਪਵਿਤ੍ਰ; ਜਿਨਾ ਭਾਣਾ ਭਾਵਏ - ਜਿਨਾਂ ਨੂੰ ਭਾਣਾ ਭਾਉਂਦਾ ਹੈ। | ਗੁਰੂ ਦੀ ਕਿਰਪਾ ਨਾਲ ਮਨ ਨਿਰਮਲ ਹੋ ਜਾਂਦਾ ਹੈ (ਉਹਨਾਂ ਦਾ) ਜਿਨਾਂ ਨੂੰ (ਸਤਿਗੁਰੂ ਦਾ) ਭਾਣਾ ਭਾਉਂਦਾ ਹੈ ਭਾਵ ਜਿਨਾਂ ਨੂੰ ਗੁਰੂ ਦੀ ਰਜ਼ਾ ਵਿਚ ਰਹਿਣਾ ਚੰਗਾ ਲਗਦਾ ਹੈ ਉਹਨਾਂ ਦਾ ਮਨ ਨਿਰਮਲ ਹੋ ਜਾਂਦਾ ਹੈ। |
| ਕਹੈ ਨਾਨਕੁ, ਜਿਸੁ ਦੇਹਿ ਪਿਆਰੇ, ਸੋਈ ਜਨੁ ਪਾਵਏ ॥੮॥ | ਦੇਹਿਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਹੇ ਪਿਆਰੇ (ਅਕਾਲ ਪੁਰਖ) ਜਿਸਨੂੰ ਤੂੰ ਦੇਵੇਂ ਉਹੀ ਜਨ ਪਾਉਂਦਾ ਹੈ। |
| ਸਾਰੰਸ਼ ਅਤੇ ਤੱਤਸਾਰ: ਨਾਮ ਦੀ ਦਾਤਿ ਉਹੀ ਜਨ ਪਾਉਂਦਾ ਹੈ ਜਿਸਨੂੰ ਅਕਾਲ ਪੁਰਖ ਆਪ ਦੇਵੇ ਪਰ ਇਥੇ ਇਕ ਚੇਤੇ ਰੱਖਣ ਵਾਲੀ ਗੱਲ ਹੈ ਕਿ ਭਾਂਵੇਂ ਅਕਾਲ ਪੁਰਖ ਦੀ ਮਰਜ਼ੀ ਨਾਲ ਹੀ ਨਾਮ ਦੀ ਦਾਤਿ ਪ੍ਰਾਪਤ ਹੁੰਦੀ ਹੈ ਪਰ ਇਹ ਦਾਤਿ ਹਮੇਸ਼ਾਂ ਸਤਿਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ ਜਿਸ ਤਰ੍ਹਾਂ ਕਿ ਇਸ ਪਉੜੀ ਦੀ ਚੌਥੀ ਪੰਕਤੀ ਵਿਚ ਆਏ ਸ਼ਬਦ 'ਗੁਰਪਰਸਾਦੀ' ਨਾਲ ਸਪਸ਼ਟ ਹੋ ਜਾਂਦਾ ਹੈ। ਕੋਈ ਵੀ ਅਕਾਲ ਪੁਰਖ ਨੂੰ ਸਿਧਾ, ਬਿਨਾਂ ਸਚੇ ਗੁਰੂ - ਸ੍ਰੀ ਗੁਰੂ ਨਾਨਕ ਦਸਮੇਸ਼ ਦੀ ਬਸੀਠੀ (ਵਿਚੋਲਗਿਰੀ) ਤੋਂ ਬਿਨਾਂ ਨਹੀਂ ਮਿਲ ਸਕਦਾ। ਗੁਰ ਦੀ ਕਿਰਪਾ ਵੀ ਉਹਨਾਂ ਤੇ ਹੁੰਦੀ ਹੈ 'ਜਿਨਾ ਭਾਣਾ ਭਾਵਏ' ਯਾਨੀ ਕਿ ਜੋ ਗੁਰੂ ਦੇ ਹੁਕਮ ਵਿਚ ਚਲਦੇ ਹਨ, ਉਹਨਾਂ ਤੇ ਗੁਰੂ ਦੀ ਕਿਰਪਾ ਹੁੰਦੀ ਹੈ ਅਤੇ ਉਹਨਾਂ ਦਾ ਮਨ ਨਿਰਮਲ ਹੋ ਜਾਂਦਾ ਹੈ। | | | |
| ਆਵਹੁ ਸੰਤ ਪਿਆਰਿਹੋ, ਅਕਥ ਕੀ ਕਰਹ ਕਹਾਣੀ ॥ | ਕਰਹਂ | ਆਵਹੁ ਸੰਤ ਪਿਆਰਿਹੋ = ਆਵੋ ਸੰਤ ਸਰੂਪ ਗੁਰਸਿਖ ਪਿਆਰਿਓ; ਅਕਥ = ਜੋ ਕਥਿਆ ਨਾ ਜਾ ਸਕੇ, ਅਕਾਲ ਪੁਰਖ ਜੋ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ; ਕਰਹ = ਆਪਾਂ ਕਰੀਏ; ਕਹਾਣੀ = ਕਥਨ, ਗਾਥਾ, ਦਾਸਤਾਨ। | ਆਵੋ ਸੰਤ ਸਰੂਪ ਪਿਆਰੇ ਗੁਰਸਿਖੋ, ਆਪਾਂ ਅਕੱਥ ਪ੍ਰਭੂ ਦੀ ਕਹਾਣੀ ਕਰੀਏ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਕਰਹ ਕਹਾਣੀ ਅਕਥ ਕੇਰੀ, ਕਿਤੁ ਦੁਆਰੈ ਪਾਈਐ ॥ | ਕਰਹਂ | ਕਰਹ ਕਹਾਣੀ ਅਕਥ ਕੇਰੀ = ਅਕੱਥ ਦੀ ਕਹਾਣੀ ਕਰੀਏ ਭਾਵ ਅਕਥ ਨੂੰ ਕਥਨ ਕਰੀਏ; ਕਿਤੁ ਦੁਆਰੈ ਪਾਈਐ = ਕਿਹੜੇ ਦੁਆਰੇ ਤੋਂ ਪ੍ਰਾਪਤ ਕਰੀਏ। | ਕਰੀਏ ਕਹਾਣੀ ਅਕੱਥ ਪ੍ਰਭੂ ਦੀ (ਪਰ ਇਹ ਅਕੱਥ ਨੂੰ ਕੱਥਨ ਦੀ ਦਾਤਿ) ਕਿਸ ਦੁਆਰੇ ਤੋਂ ਪਾਈਏ। |
| ਤਨੁ ਮਨੁ ਧਨੁ ਸਭੁ, ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ॥ | ਸਉਂਪਿ, ਮੰਨਿਐਂ | ਸਉਪਿ = ਅਰਪਨ ਕਰਨਾ, ਦੇਣਾ; ਹੁਕਮਿ ਮੰਨਿਐ = ਹੁਕਮ ਦੇ ਮਨਿਆਂ। | (ਹੁਣ ਉਹ ਦੁਆਰਾ ਦੱਸਦੇ ਹਨ ਜਿਥੋਂ ਅੱਕਥ ਨੂੰ ਕੱਥਨ ਦੀ ਦਾਤਿ ਮਿਲਦੀ ਹੈ) ਤਨ, ਮਨ ਅਤੇ ਧਨ ਸਭ ਗੁਰੂ ਨੂੰ ਅਰਪਨ ਕਰ ਦੇਵੋ ਅਤੇ (ਇਸ ਤਰ੍ਹਾਂ ਕਰਕੇ ਫੇਰ ਗੁਰੂ ਦੇ) ਹੁਕਮ ਨੂੰ ਮੰਨਿਆਂ (ਇਹ ਦਾਤਿ) ਪਾ ਸਕੀਦੀ ਹੈ। |
| ਹੁਕਮੁ ਮੰਨਿਹੁ, ਗੁਰੂ ਕੇਰਾ, ਗਾਵਹੁ ਸਚੀ ਬਾਣੀ ॥ | | ਹੁਕਮੁ ਮੰਨਿਹੁ = ਹੁਕਮ ਮੰਨੋ; ਗੁਰੂ ਕੇਰਾ = ਗੁਰੂ ਦਾ; ਗਾਵਹੁ ਸਚੀ ਬਾਣੀ = ਸੱਚੀ ਬਾਣੀ ਗਾਵੋ। | (ਹੁਣ ਦਸਦੇ ਹਨ ਕਿ ਸਚੇ ਗੁਰੂ ਦਾ ਉਹ ਕੀ ਹੁਕਮ ਹੈ ਜਿਸ ਦੁਆਰਾ ਅਕੱਥ ਨੂੰ ਕੱਥਨ ਦੀ ਦਾਤਿ ਪ੍ਰਾਪਤ ਹੁੰਦੀ ਹੈ) ਗੁਰੂ ਦਾ ਹੁਕਮ ਮੰਨੋ (ਭਾਵ) ਸੱਚੀ ਬਾਣੀ (ਗੁਰੂ ਕੀ ਬਾਣੀ - ਗੁਰਬਾਣੀ) ਗਾਵੋ (ਕਿਉਂਕਿ ਗੁਰਬਾਣੀ ਦਾ ਗਾਉਣਾ ਹੀ ਅਕੱਥ ਦੀ ਕਹਾਣੀ ਕਰਨੀ ਹੈ)। |
| ਕਹੈ ਨਾਨਕੁ, ਸੁਣਹੁ ਸੰਤਹੁ, ਕਥਿਹੁ ਅਕਥ ਕਹਾਣੀ ॥੯॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸੁਣਹੁ ਸੰਤਹੁ = ਸੰਤ ਸਰੂਪ ਗੁਰਮੁਖੋ; ਕਥਿਹੁ ਅਕਥ ਕਹਾਣੀ = ਨਾ ਕਥਨਹਾਰੀ ਕਹਾਣੀ ਕਥੋ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਸੁਣੋ ਹੇ ਸੰਤ ਸਰੂਪ ਗੁਰਸਿਖੋ, (ਇਸ ਤਰ੍ਹਾਂ, ਸੱਚੀ ਗੁਰੂ ਕੀ ਬਾਣੀ ਗਾ ਕੇ) ਤੁਸੀਂ ਅਕੱਥ ਦੀ ਅਕੱਥ ਕਹਾਣੀ ਕਥੋ। |

ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਸਤਿਗੁਰਾਂ ਨੇ ਗੁਰਮਤਿ ਦਾ ਤੱਤਸਾਰ ਬੰਦ ਕਰ ਦਿਤਾ ਹੈ। ਪਹਿਲੀ ਪੰਕਤੀ ਵਿਚ ਗੁਰੂ ਜੀ ਇਕ ਨਾਮੁਮਕਿਨ ਹੁਕਮ ਕਰਦੇ ਹਨ ਕਿ ਹੇ ਸੰਤੋ, ਅਕੱਥ ਦੀ ਕਹਾਣੀ ਕਰੋ। ਜੋ ਹੈ ਹੀ ਅਕੱਥ, ਉਸਦੀ ਕਹਾਣੀ ਕਿਦਾਂ ਕੀਤੀ ਜਾ ਸਕਦੀ ਹੈ? ਇਸੇ ਕਰਕੇ ਹੀ ਅਗਲੀ ਪੰਕਤੀ ਵਿਚ ਹਜ਼ੂਰ ਪੁਛਦੇ ਹਨ ਕਿ ਇਹ ਅਕੱਥ ਨੂੰ ਕੱਥਨ ਦੀ ਦਾਤਿ ਕਿਸ ਦੁਆਰੇ ਤੋਂ ਪ੍ਰਾਪਤ ਹੁੰਦੀ ਹੈ। ਤੀਜੀ ਪੰਕਤੀ ਵਿਚ ਕਮਾਲ ਦਾ ਉਪਦੇਸ਼ ਕਰਦੇ ਹਨ ਅਤੇ ਅਕੱਥ ਨੂੰ ਕਥਨ ਕਰਨ ਦਾ ਤਰੀਕੇ ਦਾ ਆਰੰਭ ਬੰਨਦੇ ਹਨ - ਹਜ਼ੂਰ ਹੁਕਮ ਕਰਦੇ ਹਨ ਕਿ ਗੁਰੂ ਨੂੰ ਆਪਣਾ ਸਾਰਾ ਤਨ, ਸਾਰਾ ਮਨ, ਅਤੇ ਸਾਰਾ ਧਨ ਸਉਂਪ ਕੇ, ਗੁਰਾਂ ਦਾ ਹੁਕਮ ਮੰਨੋਗੇ ਤਾਂ ਅਕੱਥ ਨੂੰ ਕੱਥਨ ਦੀ ਦਾਤਿ ਪਾਵੋਗੇ। ਚੌਥੀ ਪੰਕਤੀ ਵਿਚ ਇਹ ਇਲਾਹੀ ਰਾਜ਼ ਖੋਲਦੇ ਹਨ ਕਿ ਕਿਹੜਾ ਹੁਕਮ ਮੰਨਣ ਨਾਲ ਅਕੱਥ ਦੀ ਕਹਾਣੀ ਕਰ ਸਕੀਦੀ ਹੈ। ਹਜ਼ੂਰ ਹੁਕਮ ਕਰਦੇ ਹਨ ਕਿ ਗੁਰਸਿਖੋ ਸੱਚੀ ਬਾਣੀ ਗਾਵੋ ਭਾਵ ਗੁਰਬਾਣੀ ਗਾਵੋ। ਅਗੇ ਤੇਈਵੀਂ ਪਉੜੀ ਵਿਚ ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਸੱਚੀ ਬਾਣੀ ਅਸਲ ਵਿਚ ਕੇਵਲ ਗੁਰੂ ਦੀ ਬਾਣੀ - ਗੁਰਬਾਣੀ ਹੀ ਹੈ। ਹੋਰ ਸਭ ਬਾਣੀ ਕੱਚੀ ਬਾਣੀ ਹੈ। ਸਰਬੱਗ ਸਤਿਗੁਰਾਂ ਨੇ ਅਕੱਥ ਵਾਹਿਗੁਰੂ ਦੀ ਗੁਰਬਾਣੀ ਦੇ ਰੂਪ ਵਿਚ ਅਕੱਥ ਕਥਾ ਕੀਤੀ ਹੈ। ਸਰਬੱਗ ਪੁਰਖਾਂ ਦੀ ਕੀਤੀ ਹੋਈ ਗੁਰਬਾਣੀ ਰੂਪੀ ਗੁਰਬਾਣੀ ਦਾ ਇੰਨ ਬਿੰਨ ਉਚਾਰਨ ਕਰਨਾ, ਪਾਠ ਕਰਨਾ, ਕੀਰਤਨ ਕਰਨਾ ਅਤੇ ਨਿਧਿਆਸਨ ਕਰਨਾ ਅਕੱਥ ਦੀ ਕਹਾਣੀ ਕਰਨਾ ਹੈ।

ਕਈ ਸ਼ੰਕਾ ਕਰਦੇ ਹਨ ਕਿ ਅਕਾਲ ਪੁਰਖ ਦੀ ਸਿਫਤਿ ਵਾਲੀ ਕੋਈ ਵੀ ਬਾਣੀ ਹੋਵੇ, ਕਿਸੇ ਦੀ ਵੀ ਉਚਾਰਨ ਕੀਤੀ ਹੋਵੇ, ਉਹ ਅਕੱਥ ਦੀ ਕਹਾਣੀ ਹੈ। ਇਹ ਗੱਲ ਸਰਾਸਰ, ਮੂਲੋਂ ਹੀ ਗ਼ਲਤ ਹੈ। ਜਿਸਨੇ ਅਕਾਲ ਪੁਰਖ ਨੂੰ ਜਾਣਿਆ ਹੀ ਨਹੀਂ, ਪੂਰੀ ਤਰ੍ਹਾਂ ਅਕਾਲ ਪੁਰਖ ਨਾਲ ਇੱਕਮਿੱਕ ਨਹੀਂ ਉਹ ਉਸਦੀ ਕਹਾਣੀ ਕਿਦਾਂ ਕਰ ਸਕਦਾ ਹੈ। ਅਗਲਾ ਸਵਾਲ ਹੈ ਕਿ ਕੀ ਕੋਈ ਬ੍ਰਹਮਗਿਆਨੀ ਅਵਸਥਾ ਦਾ ਗੁਰਮੁਖਿ ਅਕੱਥ ਦੀ ਕਹਾਣੀ ਆਪਣੇ ਸ਼ਬਦਾਂ ਵਿਚ ਕਰ ਸਕਦਾ ਹੈ ਕਿ ਨਹੀਂ? ਜਵਾਬ ਹੈ ਕਿ ਕਰ ਸਕਦਾ ਹੈ ਬਸ਼ਰਤੇ ਉਸ ਵਲੋਂ ਕੀਤੀ ਹੋਈ ਅਕੱਥ ਕਥਾ ਗੁਰੂ ਨੇ ਆਪ ਕਰਾਈ ਹੋਵੇ ਜਿਵੇਂ ਕਿ ਭਗਤਾਂ ਪਾਸੋਂ, ਭੱਟਾਂ ਪਾਸੋਂ ਅਤੇ ਸੱਤੇ ਬਲਵੰਡ ਆਦਿ ਪਾਸੋਂ ਕਰਵਾਈ ਸੀ। ਜਦੋਂ ਤੱਕ ਗੁਰੂ ਸਾਹਿਬਾਨ ਦੇਹ ਜਾਮੇ ਵਿਚ ਸਨ, ਉਹਨਾਂ ਨੇ ਜਿਨਾਂ ਪਾਸੋਂ ਧੁਰ ਕੀ ਬਾਣੀ ਅਵਤਰਾਈ, ਉਹਨਾਂ ਦੀ ਉਤਰਵਾਈ ਹੋਈ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਿ ਦਿਤੀ। ਜਿੰਨੀ ਗੁਰਬਾਣੀ ਸਚਖੰਡ ਵਿਚੋਂ ਆਉਣੀ ਸੀ, ਸੋ ਦਸਾਂ ਜਾਮਿਆਂ ਵੇਲੇ ਆ ਗਈ। ਅਗੋਂ ਨਹੀਂ ਆ ਸਕਦੀ ਅਤੇ ਨਾ ਹੀ ਲੋੜ ਹੈ ਕਿਉਂਕਿ ਜਿੰਨੀ ਧੁਰ ਕੀ ਬਾਣੀ ਸਚਖੰਚ 'ਚੋਂ ਅਵਤੱਰ ਚੁਕੀ ਹੈ, ਉਨੀ ਸਮਸਤ ਜੀਵਾਂ ਦੇ ਉਧਾਰ ਲਈ ਬਹੁਤ ਹੈ। ਹੁਣ ਮਹਾਂਪੁਰਖਾਂ ਦੀਆਂ ਰਚਨਾਵਾਂ ਹੋਰ ਗੁਰਸਿਖਾਂ ਦੇ ਬਰਾਬਰ ਦੀਆਂ ਗੁਰਮਤਿ ਅਨੁਸਾਰੀ ਰਚਨਾਵਾਂ ਤੇ ਹੋ ਸਕਦੀਆਂ ਹਨ ਪਰ ਅਕੱਥ ਨੂੰ ਕੱਥਨ ਵਾਲੀਆਂ ਪਾਰਸ ਕਲਾ ਸੰਜੁਗਤ ਬਾਣੀ ਦਾ ਦਰਜਾ ਰੱਖਣ ਵਾਲੀਆਂ ਨਹੀਂ ਹੋ ਸਕਦੀਆਂ।

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਏ ਮਨ ਚੰਚਲਾ, ਚਤੁਰਾਈ ਕਿਨੈ ਨ ਪਾਇਆ ॥ | | ਏ ਮਨ ਚੰਚਲਾ - ਹੇ ਨਾ ਟਿਕਣ ਵਾਲੇ ਮਨ; ਚਤੁਰਾਈ = ਚਤੁਰਾਈ ਰਾਹੀਂ; ਕਿਨੈ = ਕਿਸੇ ਨੇ। | ਏ ਮੇਰ ਚੰਚਲ (ਨਾ ਟਿਕਣ ਵਾਲੇ) ਮਨਾ, ਚਤੁਰਾਈ ਨਾਲ ਕਿਸੇ ਨੇ ਅਕਾਲ ਪੁਰਖ ਨੂੰ ਨਹੀਂ ਪਾਇਆ।<br><br>ਇਥੇ ਚਤੁਰਾਈ ਅਤੇ ਸਿਆਨਪ ਕਰਨ ਵਾਲੇ ਮਨ ਨੂੰ ਚੰਚਲ ਕਿਹਾ ਹੈ। ਜੋ ਬਹੁਤਾ ਸਿਆਣਾ ਬਣੇ, ਉਸਦਾ ਮਨ, ਨਾਮ ਬਾਣੀ ਵਿਚ ਨਹੀਂ ਟਿੱਕਦਾ ਹੁੰਦਾ ਕਿਉਂਕਿ ਉਹ ਆਪਣੇ ਝੂਠੇ ਗਿਆਨ ਦੇ ਗਰਬ ਵਿਚ ਮੱਤਿਆ ਰਹਿੰਦਾ ਹੈ। ਮਨ ਉਦੋਂ ਟਿਕਦਾ ਹੈ ਜਦੋਂ ਸਾਧਕ ਆਪਣੀ ਚਤੁਰਾਈ ਸਿਆਨਪ ਛੱਡ ਕੇ, ਨਿਮਾਣਾ ਹੋ ਕੇ ਗੁਰਮਤਿ ਨਾਮ ਅਭਿਆਸ ਕਮਾਈ ਕਰਦਾ ਹੈ। |
| ਚਤੁਰਾਈ ਨ ਪਾਇਆ ਕਿਨੈ, ਤੂ ਸੁਣਿ, ਮੰਨ ਮੇਰਿਆ ॥ | | ਚਤੁਰਾਈ = ਚਤੁਰਾਈ ਰਾਹੀਂ, ਮਨ ਦੀ ਚਤੁਰਤਾ ਜਾਂ ਸਿਆਨਪ ਦੁਆਰਾ। | ਚਤੁਰਾਈ (ਸਿਆਨਪ) ਨਾਲ ਕਿਸੇ ਨੇ ਨਹੀਂ ਪਾਇਆ, ਤੂੰ ਸੁਣ ਲੈ, ਮੇਰਿਆ ਮਨਾ। |
| ਏਹ ਮਾਇਆ ਮੋਹਣੀ, ਜਿਨਿ ਏਤੁ ਭਰਮਿ ਭੁਲਾਇਆ ॥ | | ਮਾਇਆ = ਇਸਦੇ ਪਸਾਰੇ ਦੇ ਨਾਨਾ ਪ੍ਰਕਾਰੀ ਰੰਗ ਪਰੰਗ ਜੋ ਜੀਵ ਦਾ ਮਨ ਭਰਮਾਈ ਰੱਖਦੇ ਹਨ ਅਤੇ ਮਨ ਨੂੰ ਈਸ਼ਵਰ ਵੱਲ ਨਹੀਂ ਲਗਣ ਦਿੰਦੇ।<br>ਮਾਇਆ ਅਕਾਲ ਪੁਰਖ ਦੇ ਭਾਣੇ ਵਿਚ ਪੈਦਾ ਹੋਈ ਸ਼ਕਤੀ ਹੀ ਹੈ ਜੋ ਸਭ ਜੀਆਂ ਨੂੰ ਇਸ ਸੰਸਾਰ ਵਿਚ ਭਰਮਾਈ ਰੱਖਦੀ ਹੈ; ਮੋਹਣੀ ਮਾਇਆ = ਮਨ ਨੂੰ ਮੋਹ ਲੈਣ ਵਾਲੀ ਜਾਂ ਠੱਗਣ ਵਾਲੀ ਮਾਇਆ; ਜਿਨਿ = ਜਿਸੇ ਨੇ; ਭਰਮਿ ਭੁਲਾਇਆ = ਭਰਮ ਵਿਚ ਭੁਲਾਇਆ ਹੋਇਆ ਹੈ। | ਇਹ ਮਾਇਆ ਮੋਹਣੀ ਹੈ (ਦਿਲ ਨੂੰ ਮੋਹ ਲੈਣ ਵਾਲੀ ਹੈ) ਜਿਸ ਨੇ ਆਪਣੇ ਇਸ ਭਰਮ ਵਿਚ ਜੀਵਾਂ ਨੂੰ ਭੁਲਾਇਆ ਹੋਇਆ ਹੈ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਮਾਇਆ ਤ ਮੋਹਣੀ, ਤਿਨੈ ਕੀਤੀ, ਜਿਨਿ ਠਗਉਲੀ ਪਾਈਆ ॥ | | ਮਾਇਆ = ਇਸਦੇ ਪਸਾਰੇ ਦੇ ਨਾਨਾ ਪ੍ਰਕਾਰੀ ਰੰਗ ਪਰੰਗ ਜੋ ਜੀਵ ਦਾ ਮਨ ਭਰਮਾਈ ਰੱਖਦੇ ਹਨ ਅਤੇ ਮਨ ਨੂੰ ਈਸ਼ਵਰ ਵੱਲ ਨਹੀਂ ਲਗਣ ਦਿੰਦੇ। ਮਾਇਆ ਅਕਾਲ ਪੁਰਖ ਦੇ ਭਾਣੇ ਵਿਚ ਪੈਦਾ ਹੋਈ ਸ਼ਕਤੀ ਹੀ ਹੈ ਜੋ ਸਭ ਜੀਆਂ ਨੂੰ ਇਸ ਸੰਸਾਰ ਵਿਚ ਭਰਮਾਈ ਰੱਖਦੀ ਹੈ; ਮਾਇਆ ਤ ਮੋਹਣੀ = ਮਨ ਨੂੰ ਮੋਹ ਲੈਣ ਵਾਲੀ ਜਾਂ ਠੱਗਣ ਵਾਲੀ ਮਾਇਆ; ਤਿਨੈ ਕੀਤੀ = ਉਸੇ ਨੇ (ਅਕਾਲ ਪੁਰਖ) ਨੇ ਕੀਤੀ ਹੈ; ਜਿਨਿ = ਜਿਸ ਨੇ (ਅਕਾਲ ਪੁਰਖ ਨੇ); ਠਗਉਲੀ = ਠੱਗ ਬੂਟੀ। ਪੁਰਾਣੇ ਜ਼ਮਾਨੇ ਵਿਚ ਠੱਗ, ਰਾਹੀਆਂ ਨੂੰ ਠੱਗਣ ਲਈ, ਉਹਨਾਂ ਨਾਲ ਦੋਸਤੀ ਕਰਕੇ, ਉਹਨਾਂ ਨੂੰ ਠੱਗ ਬੂਟੀ ਖਵਾ ਦਿੰਦੇ ਸਨ ਜਿਸ ਕਰਕੇ ਰਾਹੀ ਬੇਹੋਸ਼ ਹੋ ਜਾਂਦੇ ਸਨ। ਫੇਰ ਠੱਗ ਉਹਨਾਂ ਦਾ ਸਾਮਾਨ ਲੁੱਟ ਕੇ ਫਰਾਰ ਹੋ ਜਾਂਦੇ ਸਨ।<br><br>'ਪਾਈਆ' ਦਾ ਉਚਾਰਨ 'ਪਾਈਆਂ' ਅਸ਼ੁਧ ਹੈ। | ਮਾਇਆ ਮੋਹਣੀ ਤਾਂ ਹੈ ਪਰ ਉਸੇ ਦੀ ਕੀਤੀ ਹੋਈ ਹੈ (ਜਿਸ ਅਕਾਲ ਪੁਰਖ ਨੇ) ਜੀਵਾਂ ਵਿਚ ਇਸਦੀ ਠਗਉਲੀ (ਠੱਗੇ ਲੈਣ ਵਾਲੀ ਵਸਤੂ) ਪਾਈ ਹੈ।<br><br>ਗੁਰੂ ਜੀ ਹੁਕਮ ਕਰਦੇ ਹਨ ਕਿ ਇਹ ਠੀਕ ਹੈ ਕਿ ਮਾਇਆ ਮੋਹਣੀ ਹੈ ਪਰ ਇਹ ਵੀ ਉਸੇ ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਹੈ ਜਿਸਨੇ ਜੀਵਾਂ ਵਿਚ ਇਸ ਮਾਇਆ ਤੋ ਠੱਗੇ ਜਾਣ ਵਾਲੀ ਠਗਉਲੀ ਪਾਈ ਹੈ। ਜੇਕਰ ਅਕਾਲ ਪੁਰਖ ਕੇਵਲ ਮਾਇਆ ਪੈਦਾ ਕਰਦੇ ਪਰ ਜੀਵਾਂ ਵਿਚ ਇਸ ਮਾਇਆ ਤੋਂ ਠੱਗੇ ਜਾਣ ਵਾਲੀ ਵਸਤੂ ਨਾ ਪਾਉਂਦੇ ਤਾਂ ਜੀਵਾਂ ਨੇ ਮਾਇਆ ਤੋਂ ਠਗੇ ਨਹੀਂ ਸੀ ਜਾਣਾ। ਸੋ ਇਸ ਪੰਕਤੀ ਰਾਹੀਂ ਹਜ਼ੂਰ ਸਮਝਾਉਂਦੇ ਹਨ ਕਿ ਅਕਾਲ ਪੁਰਖ ਨੇ ਹੀ ਇਸ ਖੇਲ ਦੀ ਰਚਨਾ ਕੀਤੀ ਹੈ ਜਿਸ ਵਿਚ ਮਾਇਆ ਬਣਾਈ ਹੈ ਅਤੇ ਇਸ ਮਾਇਆ ਵਿਚ ਜੀਵਾਂ ਨੂੰ ਠੱਗਣ ਦੀ ਸਮਰੱਥਾ ਦੇਣ ਲਈ, ਜੀਵਾਂ ਵਿਚ ਠਗਉਲੀ ਪਾਈ ਹੈ। |
| ਕੁਰਬਾਣੁ ਕੀਤਾ, ਤਿਸੈ ਵਿਟਹੁ, ਜਿਨਿ, ਮੋਹੁ ਮੀਠਾ ਲਾਇਆ ॥ | ਵਿਟਹੁਂ | ਕੁਰਬਾਣੁ = ਬਲਿਹਾਰ; ਤਿਸੈ ਵਿਟਹੁ = ਉਸ ਤੋਂ; ਜਿਨਿ = ਜਿਸ ਨੇ; ਮੋਹੁ ਮੀਠਾ ਲਾਇਆ = ਮੋਹ ਨੂੰ ਮਿੱਠਾ ਕਰਕੇ ਜੀਵਾਂ ਨੂੰ ਲਾਇਆ ਹੈ। | (ਗੁਰਮੁਖ ਉਹ ਹਨ ਜਿਨਾਂ ਨੇ ਆਪਣੇ ਆਪ ਨੂੰ) ਉਸ ਤੋਂ (ਅਕਾਲ ਪੁਰਖ ਤੋਂ) ਕੁਰਬਾਨ ਕੀਤਾ ਹੈ ਜਿਸ ਨੇ ਜੀਵਾਂ ਨੂੰ ਮੋਹ ਮਿੱਠਾ ਕਰਕੇ ਲਾਇਆ ਹੈ। |
| ਕਹੈ ਨਾਨਕੁ, ਮਨ ਚੰਚਲ, ਚਤੁਰਾਈ ਕਿਨੈ ਨ ਪਾਇਆ ॥੧੦॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਮੰਨ ਚੰਚਲ = ਹੇ ਨਾ ਟਿਕਣ ਵਾਲੇ ਮਨ; ਚਤੁਰਾਈ = ਚਤੁਰਾਈ ਰਾਹੀਂ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਹੇ ਮੇਰ ਚੰਚਲ (ਨਾ ਟਿਕਣ ਵਾਲੇ) ਮਨ, ਚਤੁਰਾਈ ਰਾਹੀਂ ਕਿਸੇ ਨੇ ਵੀ ਅਕਾਲ ਪੁਰਖ ਨੂੰ ਨਹੀਂ ਪਾਇਆ। |
| ਸਾਰੰਸ਼ ਅਤੇ ਤੱਤਸਾਰ: ਜੋ ਦੁਨਿਆਵੀ ਤੌਰ ਤੇ ਬਹੁਤਾ ਚਤੁਰ ਹੋਵੇ, ਉਸਦਾ ਮਨ ਚੰਚਲ ਹੁੰਦਾ ਹੈ ਕਿਉਂਕਿ ਉਹ ਆਪਣੇ ਸੰਸਾਰੀ ਚੁੰਚ ਗਿਆਨ ਵਿਚ ਗਰਬਿਆ ਰਹਿੰਦਾ ਹੈ ਜਿਸ ਕਰਕੇ ਉਹ ਗੁਰੂ ਅਗੇ ਸਮਰਪਣ ਨਹੀਂ ਕਰ ਸਕਦਾ ਪਰ ਗੁਰੂ ਜੀ ਸੁਚੇਤ ਕਰਦੇ ਹਨ ਕਿ ਚਤੁਰਾਈ ਰਾਹੀਂ ਕਿਸੇ ਨੇ ਅਕਾਲ ਪੁਰਖ ਨੂੰ ਨਹੀਂ ਪਾਇਆ, ਇਸ ਕਰਕੇ ਤੂੰ ਚਤੁਰਾਈ ਛੱਡ ਦੇ। ਹਜ਼ੂਰ ਤੀਜੀ ਪੰਕਤੀ ਤੋਂ ਦਸਦੇ ਹਨ ਕਿ ਇਹ ਮਾਇਆ ਬਹੁਤ ਮੋਹਣੀ ਹੈ ਜਿਸਨੇ ਆਪਣਾ ਮੋਹ ਸਭ ਨੂੰ ਲਾਇਆ ਹੋਇਆ ਹੈ। ਇਹ ਚਤੁਰਾਈ, ਜੋ ਕਿ ਸੰਸਾਰੀ ਗਿਆਨ ਅਰਥਾਥ ਮਾਇਆ ਦੇ ਅਸਬਾਬ ਨਾਲ ਹੀ ਤਾਅਲੁਕ ਰੱਖਦੀ ਹੈ, ਵੀ ਮਾਇਆ ਦੇ ਮੋਹਣੀ ਰੂਪ ਦਾ ਹੀ ਇਕ ਨਮੂਨਾ ਹੈ। ਮਾਇਆ ਦੀ ਸ਼ਕਤੀ ਬਾਰੇ ਸਮਝਾ ਕੇ ਨਾਲ ਹੀ ਸਿਖ ਨੂੰ ਇਹ ਧਰਵਾਸਾ ਵੀ ਦਿੰਦੇ ਹਨ ਕਿ ਇਹ ਮਾਇਆ ਉਸ ਪ੍ਰਭੂ ਦੀ ਹੀ ਰਚੀ ਹੋਈ ਹੈ ਅਤੇ ਇਸ ਕਰਕੇ ਉਸਦੇ ਅਧੀਨ ਹੈ। ਪ੍ਰਭੂ ਦੇ ਹੁਕਮ ਵਿਚ ਹੀ ਮਾਇਆ ਦੀ ਠਗਉਲੀ ਜੀਵਾਂ ਤੇ ਬਿਆਪਦੀ ਹੈ ਅਤੇ ਇਸਦਾ ਇਲਾਜ ਵੀ ਕੇਵਲ ਅਕਾਲ ਪੁਰਖ ਪਾਸ ਹੀ ਹੈ। ਸੋ ਹੇ ਚੰਚਲ ਮਨ, ਚਤੁਰਾਈ ਛੱਡ ਕੇ ਅਕਾਲ ਪੁਰਖ ਦੀ ਸ਼ਰਨ ਨਿਮਾਣਾ ਹੋ ਕੇ ਲੈ। | | | |
| ਏ ਮਨ ਪਿਆਰਿਆ, ਤੂ ਸਦਾ ਸਚੁ ਸਮਾਲੇ ॥ | | ਸਚੁ = ਅਕਾਲ ਪੁਰਖ ਰੂਪੀ ਸਚ; ਸਮਾਲੇ = ਸਮਾਲ। ਸਚ ਸਮਾਲਣ ਦਾ ਅਰਥ ਹੈ ਮਨ ਵਿਚ ਸਚ ਨਾਮ ਨੂੰ ਬਰਕਰਾਰ ਰੱਖਣਾ ਅਤੇ ਨਾਮ ਦੇ ਫੁਰਨੇ ਨੂੰ ਲਗਾਤਾਰ ਜਾਰੀ ਰੱਖਣਾ ਅਤੇ ਹੋਰ ਕੋਈ ਫੁਰਨਾ ਮਨ ਵਿਚ ਨਾ ਆਉਣ ਦੇਣਾ। | ਹੇ ਮੇਰੇ ਪਿਆਰੇ ਮਨ, ਤੂੰ ਸਦਾ ਸਚ (ਪ੍ਰਭੂ) ਨੂੰ ਸਮਾਲ ਭਾਵ ਉਸਨੂੰ ਆਪਣੀ ਯਾਦ ਵਿਚ ਨਾਮ ਰਾਹੀਂ ਕਾਇਮ ਰੱਖ।<br><br>ਸਚ ਅਕਾਲ ਪੁਰਖ ਨੂੰ ਸਚ ਨਾਮ ਰਾਹੀਂ ਸਮਾਲਿਆ ਜਾ ਸਕਦਾ ਹੈ। ਸਚੇ ਨਾਮ ਨੂੰ ਲਗਾਤਾਰ ਮਨ ਵਿਚ ਜਪਦੇ ਹੋਏ ਕਾਇਮ ਰੱਖਣ ਨੂੰ ਗੁਰਮਤਿ ਵਿਚ ਸਚ ਸਮਾਲਣਾ ਕਹਿੰਦੇ ਹਨ। ਜਿਵੇਂ ਕਿਸੇ ਕੀਮਤੀ ਚੀਜ਼ ਨੂੰ ਮਨੁੱਖ ਬਹੁਤ ਸਾਂਭ ਸਾਂਭ ਰੱਖਦਾ ਹੈ ਅਤੇ ਕਦੇ ਅੱਖਾਂ ਤੋਂ ਓਲ੍ਹੇ ਨਹੀਂ ਕਰਦਾ, ਉਸੇ ਤਰ੍ਹਾਂ ਹੀ ਸਚੇ ਨਾਮ ਦੀ ਕੀਮਤ ਜਾਨਣਵਾਲੇ ਗੁਰਮੁਖਿ ਜਨ ਨਾਮ ਜਪਦੇ ਹੋਏ ਲਗਾਤਾਰ ਨਾਮ ਨੂੰ ਯਾਦ ਵਿਚ ਸੰਭਾਲਕੇ ਰੱਖਦੇ ਹਨ। |
| ਏਹੁ ਕੁਟੰਬੁ, ਤੂ ਜਿ ਦੇਖਦਾ, ਚਲੈ ਨਾਹੀ ਤੇਰੈ ਨਾਲੇ ॥ | ਨਾਹੀਂ | ਕੁਟੰਬੁ = ਪਰਿਵਾਰ; ਤੂ ਜਿ ਦੇਖਦਾ = ਜੇ ਤੂੰ ਦੇਖਦਾ ਹੈਂ। | ਜੇ ਤੂੰ ਆਪਣਾ ਕੁਟੰਬ ਦੇਖ ਰਿਹਾ ਹੈਂ (ਅਤੇ ਕੁਟੰਬ ਦੇ ਕੰਮਾਂ ਵਿਚ ਫਸਿਆ ਹੋਇਆ ਸਚ ਨਾਮ ਨੂੰ ਸੰਭਾਲ ਨਹੀਂ ਰਿਹਾ ਤਾਂ ਯਾਦ ਰੱਖ ਕਿ) ਇਹ ਕੁਟੰਬ ਤੇਰੇ ਨਾਲ (ਪਰਲੋਕ) ਵਿਚ ਨਹੀਂ ਜਾਣਾ। |
| ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ, ਕਿਉ ਚਿਤੁ ਲਾਈਐ ॥ | ਨਾਹੀਂ, ਕਿਉਂ | ਕਿਉ ਚਿਤੁ ਲਾਈਐ = ਕਿਉਂ ਮਨ ਲਾਈਏ। | (ਇਹ ਪਰਿਵਾਰ) ਤੇਰੇ ਨਾਲ ਨਹੀਂ ਜਾਣਾ, ਫੇਰ ਇਸ ਨਾਲ ਕਿਉਂ ਚਿਤ ਲਾਈਏ? ਭਾਵ ਨਹੀਂ ਲਾਉਣਾ ਚਾਹੀਦਾ ਚਿਤ। |
| ਐਸਾ ਕੰਮੁ ਮੂਲੇ ਨ ਕੀਚੈ, ਜਿਤੁ, ਅੰਤਿ ਪਛੋਤਾਈਐ ॥ | | ਅੰਤਿ = ਅਖੀਰ ਵਿਚ, ਓੜਕ; ਮੂਲੇ = ਮੂਲੋਂ ਹੀ, ਅਸਲੋਂ ਹੀ, ਬਿਲਕੁਲ ਹੀ; ਜਿਤੁ = ਜਿਸ ਕਰਕੇ। | ਅਜਿਹਾ ਕੰਮ ਮੂਲੋਂ ਹੀਂ ਨਹੀਂ ਕਰਨਾ ਚਾਹੀਦਾ ਜਿਸ ਕਰਕੇ ਅਖੀਰ ਵਿਚ ਪਛਤਾਉਣਾ ਪਵੇ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਤਿਗੁਰੂ ਕਾ ਉਪਦੇਸੁ ਸੁਣਿ ਤੂ, ਹੋਵੈ ਤੇਰੈ ਨਾਲੇ ॥ | ਉਪਦੇਸ਼ੁ | ਉਪਦੇਸੁ = ਗੁਰਦੀਖਿਆ ਰੂਪੀ ਨਾਮ ਗੁਰਮੰਤ੍ਰ ਮਈ ਉਪਦੇਸ਼; | ਸਤਿਗੁਰੂ ਦਾ ਨਾਮ ਰੂਪੀ ਉਪਦੇਸ਼ ਸੁਣ (ਜਪਦੇ ਹੋਏ ਤਾਂ ਕੇ ਇਹ) ਤੇਰੇ ਨਾਲ ਹੋਵੇ (ਅੰਤ ਸਮੇ)।<br><br>ਇਸ ਪੰਕਤੀ ਤੋਂ ਸਿਧ ਹੁੰਦਾ ਹੈ ਕਿ ਨਾਮ ਰੂਪੀ ਉਪਦੇਸ਼ ਸੁਣਿਆ ਹੋਇਆ ਨਾਲ ਰਹਿੰਦਾ ਹੈ। ਜਦੋਂ ਸਾਧਕ ਧਿਆਨ ਲਾ ਕੇ ਨਾਮ ਜਪਦਾ ਹੈ ਅਤੇ ਨਾਲ ਦੀ ਸੁਣਦਾ ਵੀ ਹੈ, ਤਾਂ ਅਜਿਹਾ ਜਪਿਆ ਹੋਇਆ ਨਾਮ ਸਾਧਕ ਦੇ ਨਾਲ ਰਹਿੰਦਾ ਹੈ ਅਤੇ ਸਹਾਈ ਹੁੰਦਾ ਹੈ। ਇਸ ਵਿਚ ਰੰਚਕ ਸੰਦੇਹ ਵਾਲੀ ਗਲ ਨਹੀਂ ਹੈ। |
| ਕਹੈ ਨਾਨਕੁ, ਮਨ ਪਿਆਰੇ, ਤੂ ਸਦਾ ਸਚੁ ਸਮਾਲੇ ॥੧੧॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਮੇਰੇ ਪਿਆਰੇ ਮਨਾ, ਤੂੰ ਸਦਾ ਸਚ (ਨਾਮ) ਨੂੰ ਸੰਭਾਲ ਭਾਵ ਜਪਦੇ ਹੋਏ ਮਨ ਵਿਚ ਟਿਕਾ ਕੇ ਰੱਖ। |
| ਸਾਰੰਸ਼ ਅਤੇ ਤੱਤਸਾਰ: ਸਚੇ ਪ੍ਰਭੂ ਨੂੰ ਮਨ ਵਿਚ ਸੰਭਾਲ ਕੇ ਰੱਖਣ ਵਿਚ ਇਕ ਵਡੀ ਰੁਕਾਵਟ ਪਰਵਾਰ ਦਾ ਮੋਹ ਹੈ। ਇਸ ਲਈ ਗੁਰੂ ਜੀ ਸਮਝਾ ਰਹੇ ਹਨ ਕਿ ਹੇ ਮਨਾ, ਜਿਸ ਪਰਵਾਰ ਨੇ ਅਗੇ ਪਰਲੋਕ ਵਿਚ (ਅਤੇ ਇਥੇ ਇਸ ਲੋਕ ਵਿਚ ਵੀ) ਤੇਰੇ ਨਾਲ ਨਹੀਂ ਨਿਭਣਾ, ਉਸਦੀ ਖਾਤਿਰ ਤੂੰ ਕਿਉਂ ਆਪਣਾ ਪਰਮਾਰਥ ਖਰਾਬ ਕਰਦਾ ਹੈਂ। ਗੁਰੂ ਜੀ ਇਹ ਨਹੀਂ ਕਹਿ ਰਹੇ ਕਿ ਪਰਵਾਰ ਪ੍ਰਤੀ ਆਪਣੇ ਫਰਜ਼ ਪੂਰੇ ਨਹੀਂ ਕਰਨੇ ਚਾਹੀਦੇ ਬਲਕਿ ਗੁਰੂ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਪਰਵਾਰ ਦੇ ਮੋਹ ਵਿਚ ਫੱਸ ਕੇ ਗਰਮਤਿ ਨਾਲ ਸਮਝਾਉਤਾ ਨਹੀਂ ਕਰਨਾ ਚਾਹੀਦਾ। ਇਹ ਨਾ ਹੋਵੇ ਕਿ ਪਰਵਾਰ ਦੇ ਮੋਹ ਵਿਚ ਅੰਮ੍ਰਿਤ ਵੇਲਾ ਖਰਾਬ ਕਰ ਲਿਆ ਜਾਵੇ ਜਾਂ ਪਰਵਾਰ ਦੀ ਖੁਸ਼ੀ ਲਈ ਪਾਪ ਕਰਕੇ ਧਨ ਇਕੱਠਾ ਕੀਤਾ ਜਾਵੇ। ਗੁਰਮਤਿ ਦੇ ਦਾਇਰੇ ਵਿਚ ਰਹਿ ਕੇ, ਗੁਰਮਤਿ ਨੂੰ ਸਰਵਪ੍ਰਥਮਤਾ ਦੇ ਕੇ, ਪਰਵਾਰ ਪ੍ਰਤੀ ਅਤੇ ਹੋਰ ਜਗ ਦੇ ਕੰਮ ਬੇਸ਼ਕ ਕੀਤੇ ਜਾਣ, ਕੋਈ ਹਰਜ ਨਹੀਂ ਹੈ। | | | |
| ਅਗਮ ਅਗੋਚਰਾ, ਤੇਰਾ ਅੰਤੁ ਨ ਪਾਇਆ ॥ | ਅਗੰਮ | ਅਗਮ = ਗੰਮਤਾ ਤੋਂ ਪਰੇ, ਪਹੁੰਚ ਤੋਂ ਪਰੇ; ਅਗੋਚਰਾ = ਪਕੜ ਤੋਂ ਪਰੇ। | ਹੇ ਅਗੰਮ ਅਗੋਚਰ ਪ੍ਰਭੂ (ਪਹੁਚ ਤੋਂ ਅਤੇ ਪਕੜ ਤੋਂ ਪਰੇ ਪ੍ਰਭੂ) ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। |
| ਅੰਤੋ ਨ ਪਾਇਆ ਕਿਨੈ ਤੇਰਾ, ਆਪਣਾ ਆਪੁ, ਤੂ ਜਾਣਹੇ ॥ | ਜਾਣਹੇਂ | ਆਪਣਾ ਆਪੁ = ਆਪਣਾ ਆਪਾ, ਆਪਣਾ ਆਤਮਾ; ਤੂ ਜਾਣਹੇ = ਤੂੰ ਜਾਣਦਾ ਹੈਂ। | ਕਿਸੇ ਨੇ ਤੇਰਾ ਅੰਤ ਨਹੀਂ ਪਾਇਆ (ਹੇ ਪ੍ਰਭੂ) ਆਪਣਾ ਆਪਾ ਤੂੰ ਹੀ ਜਾਣਦਾ ਹੈਂ ਭਾਵ ਆਪਣੇ ਆਪ ਨੂੰ ਤੂੰ ਆਪ ਹੀ ਜਾਣਦਾ ਹੈਂ। |
| ਜੀਅ ਜੰਤ ਸਭਿ, ਖੇਲੁ ਤੇਰਾ, ਕਿਆ ਕੋ ਆਖਿ ਵਖਾਣਏ ॥ | | ਕੋ = ਕੋਈ; ਆਖਿ = ਆਖ ਕੇ; ਵਖਾਣਏ = ਵਿਆਖਿਆਨ ਕਰੇ।<br><br>'ਸਭਿ' ਦਾ ਸੰਬੰਧ 'ਖੇਲੁ' ਨਾਲ ਨਹੀਂ ਹੈ ਬਲਕਿ 'ਜੀਅ ਜੰਤ' ਨਾਲ ਹੈ। ਸੋ ਬਿਸ਼ਰਾਮ 'ਸਭਿ' ਤੇ ਹੈ। | ਸਭ ਜੀਅ ਜੰਤ ਤੇਰਾ ਖੇਲ ਹੈ (ਭਾਵ ਇਹਨਾਂ ਦੀ ਉਤਪਤੀ ਅਤੇ ਜੋ ਉਹ ਕਰਦੇ ਹਨ, ਅਕਾਲ ਪੁਰਖ ਦੇ ਖੇਲ ਦਾ ਹਿੱਸਾ ਹੈ), ਕੋਈ ਕੀ ਆਖ ਕੇ ਵਿਆਖਿਆ ਕਰ ਸਕਦਾ ਹੈ। |
| ਆਖਹਿ ਤ ਵੇਖਹਿ ਸਭੁ ਤੂ ਹੈ, ਜਿਨਿ ਜਗਤੁ ਉਪਾਇਆ ॥ | ਆਖਹਿਂ, ਵੇਖਹਿਂ, ਹੈਂ | ਆਖਹਿ = ਆਖਦਾ ਹੈਂ; ਵੇਖਹਿ = ਵੇਖਦਾ ਹੈਂ; ਉਪਾਇਆ = ਪੈਦਾ ਕੀਤਾ। | (ਸਭ ਜੀਵਾਂ ਵਿਚ ਮੌਜੂਦ ਹੋਣ ਕਰਕੇ) ਤੂੰ ਆਪ ਹੀ ਸਭ ਬੋਲਦਾ ਹੈਂ ਅਤੇ ਆਪ ਹੀ ਦੇਖਦਾ ਹੈਂ ਅਤੇ ਤੂੰ ਹੀ ਹੈਂ ਜਿਸ ਨੇ ਜਗਤ ਪੈਦਾ ਕੀਤਾ ਹੈ। |
| ਕਹੈ ਨਾਨਕੁ, ਤੂ ਸਦਾ ਅਗੰਮੁ ਹੈ, ਤੇਰਾ ਅੰਤੁ ਨ ਪਾਇਆ ॥੧੨॥ | ਹੈਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਅਗੰਮ ਹੈ = ਪਹੁੰਚ ਤੋਂ ਪਰੇ ਹੈਂ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਤੂੰ ਹੇ ਪ੍ਰਭੂ ਸਦਾ ਅਗੰਮ ਹੈਂ ਭਾਵ ਪਹੁੰਚ ਤੋਂ ਪਰੇ ਹੈਂ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। |
| ਸਾਰੰਸ਼ ਅਤੇ ਤੱਤਸਾਰ: ਸਿਖ ਨੂੰ ਸਮਝਾਉਣ ਵਾਸਤੇ ਕਿ ਉਹ ਐਵੀਂ ਕਿਸੇ ਨੂੰ ਮਾੜਾ ਚੰਗਾ ਨਾ ਕਹੇ, ਗੁਰੂ ਜੀ ਦਸਦੇ ਹਨ ਕਿ ਸਭ ਵਿਚ ਅਕਾਲ ਪੁਰਖ ਮੌਜੂਦ ਹੈ ਅਤੇ ਜੋ ਜੀਵ ਦੇਖਦੇ ਬੋਲਦੇ ਹਨ, ਸੋ ਅਕਾਲ ਪੁਰਖ ਕਰ ਰਿਹਾ ਹੈ। ਜੇਕਰ ਇਹ ਗਲ ਸਮਝ ਆ ਜਾਵੇ ਤਾਂ ਸਾਧਕ ਨਿੰਦਾ ਚੁਗਲੀ ਅਤੇ ਈਰਖਾ ਆਦਿ ਅਵਗੁਣਾਂ ਤੋਂ ਸਹਿਜ ਹੀ ਬਚ ਸਕਦਾ ਹੈ। | | | |
| ਸੁਰਿ ਨਰ, ਮੁਨਿਜਨ ਅੰਮ੍ਰਿਤੁ ਖੋਜਦੇ, ਸੁ ਅੰਮ੍ਰਿਤੁ, ਗੁਰ ਤੇ ਪਾਇਆ ॥ | | ਸੁਰਿ - ਦੇਵਤੇ; ਨਰ = ਮਨੁੱਖ; ਮੁਨਿਜਨ = ਮੁਨੀ ਜਨ, ਰਿਖੀ ਜਨ; ਅੰਮ੍ਰਿਤ = ਉਹ ਪਦਾਰਥ ਜੋ ਸੇਵਨ ਕਰਨਵਾਲੇ ਨੂੰ ਅਮਰ ਕਰ ਦਿੰਦਾ ਹੈ। | ਦੇਵਤੇ, ਮਨੁੱਖ, ਮੁਨੀਜਨ ਅੰਮ੍ਰਿਤ (ਅਮਰ ਕਰਨਵਾਲਾ ਪਦਾਰਥ) ਖੋਜਦੇ ਹਨ ਪਰ ਉਹ ਅੰਮ੍ਰਿਤ ਗੁਰੂ ਤੋਂ ਪਾਇਆ ਜਾਂਦਾ ਹੈ। |
| ਪਾਇਆ ਅੰਮ੍ਰਿਤੁ, ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ ॥ | | ਅੰਮ੍ਰਿਤ = ਉਹ ਪਦਾਰਥ ਜੋ ਸੇਵਨ ਕਰਨਵਾਲੇ ਨੂੰ ਅਮਰ ਕਰ ਦਿੰਦਾ ਹੈ; ਗੁਰਿ = ਗੁਰੂ ਨੇ; ਕ੍ਰਿਪਾ ਕੀਨੀ = ਕਿਰਪਾ ਕੀਤੀ; ਸਚਾ = ਸਦੀਵੀ ਹੋਂਦ ਵਾਲਾ ਅਕਾਲ ਪੁਰਖ; ਮਨਿ ਵਸਾਇਆ = ਮਨ ਵਿਚ ਵਸਾਇਆ। | ਉਸਨੇ ਨਾਮ ਅੰਮ੍ਰਿਤ ਪਾਇਆ ਹੈ, ਜਿਸ ਤੇ ਗੁਰੂ ਨੇ ਕਿਰਪਾ ਕੀਤੀ ਹੈ ਅਤੇ ਉਸਨੇ (ਅੰਮ੍ਰਿਤ ਨਾਮ ਪਾਕੇ) ਸੱਚਾ ਪ੍ਰਭੂ ਮਨ ਵਿਚ ਵਸਾ ਲਿਆ ਹੈ।<br><br>ਅਕਾਲ ਪੁਰਖ ਨੂੰ ਮਨ ਵਿਚ ਵਸਾਉਣ ਦਾ ਜ਼ਰੀਆ ਉਸਦਾ ਸੱਚਾ ਨਾਮ ਹੈ। ਨਾਮ ਜਪ ਜਪ ਕੇ ਅਕਾਲ ਪੁਰਖ ਮਨ ਵਿਚ ਵਸ ਜਾਂਦਾ ਹੈ। |
| ਜੀਅ ਜੰਤ ਸਭਿ, ਤੁਧੁ ਉਪਾਏ, ਇਕਿ, ਵੇਖਿ ਪਰਸਣਿ ਆਇਆ ॥ | | ਤੁਧੁ ਉਪਾਏ = ਤੂੰ ਪੈਦਾ ਕੀਤੇ ਹਨ; ਇਕਿ = ਕਈ ਵਡਭਾਗੇ; ਵੇਖਿ = ਦੇਖ ਕੇ; ਪਰਸਣਿ = ਪਰਸਨ ਲਈ; ਆਇਆ = ਆਏ।<br><br>'ਸਭਿ' ਦਾ ਸੰਬੰਧ 'ਤੁਧੁ' ਨਾਲ ਨਹੀਂ ਹੈ ਬਲਕਿ 'ਜੀਅ ਜੰਤ' ਨਾਲ ਹੈ। ਸੋ ਬਿਸ਼ਰਾਮ 'ਸਭਿ' ਤੇ ਹੈ। | ਸਭ ਜੀਅ ਜੰਤ ਤੂੰ ਹੀ ਪੈਦਾ ਕੀਤੇ ਹਨ (ਹੇ ਪ੍ਰਭੂ, ਉਹਨਾਂ ਵਿਚੋਂ) ਕਈ (ਵਡਭਾਗੇ ਹਨ) ਜੋ ਗੁਰੂ (ਵਲੋਂ ਅੰਮ੍ਰਿਤ ਦੀ ਦਾਤਿ ਵੰਡ ਹੁੰਦੀ) ਦੇਖ ਕੇ (ਗੁਰੂ ਦੇ ਚਰਨ) ਪਰਸਨ ਲਈ (ਗੁਰੂ ਦੀ ਸ਼ਰਨ) ਆਏ ਹਨ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਲਬੁ, ਲੋਭੁ, ਅਹੰਕਾਰੁ ਚੂਕਾ, ਸਤਿਗੁਰੂ ਭਲਾ ਭਾਇਆ ॥ | | ਲਬੁ = ਖਾਣ ਪੀਣ ਦਾ ਲਾਲਚ; ਲੋਭੁ = ਪਦਾਰਥਾਂ ਅਤੇ ਮਾਇਆ ਦਾ ਲਾਲਚ; ਅਹੰਕਾਰੁ = ਆਪਣੇ ਆਪ ਤੇ ਮਾਣ ਕਰਨਾ; ਭਲਾ = ਚੰਗਾ; ਭਾਇਆ = ਚੰਗਾ ਲਗਿਆ। | ਉਹਨਾਂ ਦਾ ਲਬ (ਖਾਣ ਦਾ ਲਾਲਚ), ਲੋਭ (ਮਾਇਆਵੀ ਪਦਾਰਥਾਂ ਦਾ ਲਾਲਚ) ਅਤੇ ਹੰਕਾਰ ਖਤਮ ਹੋ ਗਿਆ ਹੈ, ਜਿਨਾਂ ਨੂੰ ਸਤਿਗੁਰੂ ਭਲਾ ਲਗਿਆ ਹੈ ਅਤੇ ਜਿਨਾਂ ਦੇ ਮਨ ਨੂੰ ਸਤਿਗੁਰੂ ਭਾਇਆ ਹੈ ਭਾਵ ਚੰਗਾ ਲਗਿਆ ਹੈ। |
| ਕਹੈ ਨਾਨਕੁ, ਜਿਸ ਨੋ ਆਪਿ ਤੁਠਾ, ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥ | ਤੁੱਠਾ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਤੁਠਾ = ਮਿਹਰਬਾਨ; ਤਿਨਿ = ਤਿਸਨੇ, ਉਸਨੇ; ਅੰਮ੍ਰਿਤ = ਉਹ ਪਦਾਰਥ ਜੋ ਸੇਵਨ ਕਰਨਵਾਲੇ ਨੂੰ ਅਮਰ ਕਰ ਦਿੰਦਾ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਜਿਸ ਤੇ ਅਕਾਲ ਪੁਰਖ ਆਪ ਮਿਹਰਵਾਨ ਹੁੰਦਾ ਹੈ, ਉਸਨੇ ਹੀ ਗੁਰੂ ਪਾਸੋਂ ਅੰਮ੍ਰਿਤ ਪ੍ਰਾਪਤ ਕੀਤਾ ਹੈ। |
| ਸਾਰੰਸ਼ ਅਤੇ ਤੱਤਸਾਰ: ਇਹ ਪਉੜੀ ਬਹੁਤ ਹੀ ਕਮਾਲ ਦੀ ਹੈ ਕਿਉਂਕਿ ਇਸ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਜਿਸ ਅੰਮ੍ਰਿਤ ਨੂੰ ਦੇਵਤੇ, ਮਨੁੱਖ ਅਤੇ ਰਿਖੀ ਮੁਨੀ ਲੱਭਦੇ ਹਨ, ਉਹ ਅੰਮ੍ਰਿਤ ਕੇਵਲ ਗੁਰੂ ਦੇ ਦੁਆਰ ਤੋਂ ਮਿਲਦਾ ਹੈ। ਉਹ ਅੰਮ੍ਰਿਤ ਕੀ ਹੈ? ਇਥੇ ਨਾਮ ਅੰਮ੍ਰਿਤ ਦੀ ਗਲ ਹੈ ਕਿਉਂਕਿ ਨਾਮ ਹੀ ਹੈ ਜੋ ਜਨਮਾਂ ਜਨਮਾਂ ਤੋ ਭਟਕਦੇ ਹੋਏ ਜੀਵਾਂ ਨੂੰ ਚੁਰਾਸੀ ਤੋਂ ਛੁਟਕਾਰਾ ਦਿਵਾ ਕੇ, ਸਚਖੰਡ ਵਿਖੇ ਅਸਥਾਨ ਦੇ ਕੇ ਸਦਾ ਲਈ ਬਿਸ਼ਰਾਮ ਦਿਵਾ ਦਿੰਦਾ ਹੈ। ਆਤਮਾ ਦੀਆਂ ਪਹਿਲੇ ਜਨਮਾਂ ਵਿਚ ਉਸਾਰੀਆਂ ਹੋਈਆਂ ਹਸਤੀਆਂ ਮਿਟ ਜਾਂਦੀਆਂ ਹਨ ਪਰ ਇਸ ਜਨਮ ਵਿਚਲੀ ਸਿਖ ਦੀ ਸ਼ਖਸੀਅਤ ਕਦੇ ਨਹੀਂ ਮਿਟਦੀ ਕਿਉਂਕਿ ਇਸ ਰੂਪ ਵਿਚ ਹੀ ਆਤਮਾ ਮੁਕਤ ਹੁੰਦੀ ਹੈ ਜਿਵੇਂ ਕਿ ਬਾਬਾ ਦੀਪ ਸਿੰਘ ਜੀ ਦੀ ਇਹ ਬਾਬਾ ਦੀਪ ਸਿੰਘ ਵਾਲੀ ਹਸਤੀ ਨਹੀਂ ਮਿਟਦੀ ਅਤੇ ਉਹ ਇਸੇ ਰੂਪ ਵਿਚ ਹੀ ਅਗੇ ਦਰਗਾਹ ਵਿਚ ਸੁਰਖੁਰੂ ਹੋਏ ਹਨ। ਹੋਰ ਹਸਤੀਆਂ ਅਗਲਾ ਜਨਮ ਲੈਣ ਕਰਕੇ, ਅਤੇ ਨਵੀਂ ਹਸਤੀ ਕਾਇਮ ਕਰਨ ਕਰਕੇ, ਪਹਿਲੀ ਮਿੱਟ ਜਾਂਦੀ ਹੈ। ਸੋ ਜੋ ਗੁਰਮੁਖਿ ਨਾਮ ਅੰਮ੍ਰਿਤ ਰਾਹੀਂ, ਗੁਰਮਤਿ ਪ੍ਰੇਮਾ ਭਗਤੀ ਕਰਕੇ ਮੁਕਤ ਹੋ ਜਾਂਦੇ ਹਨ, ਉਹ ਅਮਰ ਹੋ ਜਾਂਦੇ ਹਨ ਅਤੇ ਕਦੇ ਨਹੀਂ ਮਰਦੇ। ਇਸੇ ਰੂਪ ਵਿਚ ਹੀ ਸਚਖੰਡ ਜਾ ਬਿਰਾਜਦੇ ਹਨ, ਹਮੇਸ਼ਾਂ ਵਾਸਤੇ। | | | |
| ਭਗਤਾ ਕੀ ਚਾਲ ਨਿਰਾਲੀ ॥ | ਭਗਤਾਂ | ਚਾਲ = ਤੋਰ, ਜੀਵਨ ਜਾਚ, ਬਿਉਹਾਰ; ਨਿਰਾਲੀ = ਨਿਆਰੀ, ਵਿਲੱਖਣ। | ਭਗਤਾਂ ਦੀ ਜੀਵਨ ਜਾਚ (ਚਾਲ, ਸੰਸਾਰੀਆਂ ਨਾਲੋਂ) ਨਿਰਾਲੀ ਹੈ। |
| ਚਾਲਾ ਨਿਰਾਲੀ, ਭਗਤਾਹ ਕੇਰੀ; ਬਿਖਮ ਮਾਰਗਿ ਚਲਣਾ ॥ | ਭਗਤਾਂਹ | ਚਾਲਾ = ਤੋਰ, ਬਿਉਹਾਰ; ਨਿਰਾਲੀ = ਨਿਆਰੀ, ਵਿਲੱਖਣ; ਭਗਤਾਹ ਕੇਰੀ = ਭਗਤਾਂ ਦੀ; ਬਿਖਮ ਮਾਰਗਿ ਚਲਣਾ = ਔਖੇ ਰਸਤੇ ਤੇ ਤੁਰਣਾ। | ਭਗਤਾਂ ਦੀ ਚਾਲ (ਜੀਵਨ ਜਾਚ, ਸੰਸਾਰੀਆਂ ਨਾਲੋਂ) ਨਿਰਾਲੀ ਹੈ; ਭਗਤਾਂ ਦਾ ਚਲਣਾ (ਗੁਰਮਤਿ ਦੇ) ਬਿਖਮ ਮਾਰਗ ਉਪਰ ਹੈ।<br><br>ਜਦੋਂ ਪਹਿਲਾਂ ਪਹਿਲ ਸੰਸਾਰੀ ਮਾਰਗ ਤੋਂ ਭਗਤਾਂ ਦੇ ਮਾਰਗ ਉਪਰ ਤੁਰੀਦਾ ਹੈ ਤਾਂ ਇਹ ਮਾਰਗ ਬਹੁਤ ਬਿਖਮ ਲਗਦਾ ਹੈ ਕਿਉਂਕਿ ਇਹ ਮਾਰਗ ਬਿਲਕੁਲ ਮਾਇਆ ਦੇ ਸੰਸਾਰੀ ਮਾਰਗ ਨਾਲੋਂ ਉਲਟ ਹੈ ਪਰ ਜਦੋਂ ਮਨੋਂ ਇਕ ਵਾਰੀ ਧਾਰ ਕੇ ਇਸ ਮਾਰਗ ਤੇ ਤੁਰ ਪਈਦਾ ਹੈ ਤਾਂ ਇਹ ਮਾਰਗ ਬਹੁਤ ਹੀ ਸੁਹਾਵਨਾ ਲਗਦਾ ਹੈ। |
| ਲਬੁ, ਲੋਭੁ, ਅਹੰਕਾਰੁ, ਤਜਿ ਤ੍ਰਿਸਨਾ; ਬਹੁਤੁ ਨਾਹੀ ਬੋਲਣਾ ॥ | ਤ੍ਰਿਸ਼ਨਾ, ਨਾਹੀਂ | ਲਬੁ = ਖਾਣ ਪੀਣ ਦਾ ਲਾਲਚ; ਲੋਭੁ = ਪਦਾਰਥਾਂ ਅਤੇ ਮਾਇਆ ਦਾ ਲਾਲਚ; ਅਹੰਕਾਰੁ = ਆਪਣੇ ਆਪ ਤੇ ਮਾਣ ਕਰਨਾ; ਤਜਿ = ਛੱਡ ਕੇ; ਤ੍ਰਿਸ਼ਨਾ = ਹੋਰ ਹੋਰ ਮਾਇਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਤੀਬਰ ਪਿਆਸ ਜਾਂ ਭੁੱਖ। | (ਹੁਣ ਹਜ਼ੂਰ, ਭਗਤਾਂ ਦੇ ਬਿਖਮ ਮਾਰਗ ਦੀਆਂ ਬਿਖਮਤਾਈਆਂ ਦਸਦੇ ਹਨ ਕਿ ਭਗਤ) ਲਬ (ਜੀਭ ਦੇ ਰਸਾਂ ਦਾ ਲਾਲਚ), ਲੋਭ (ਮਾਇਆਵੀ ਪਦਾਰਥਾਂ ਦਾ ਲਾਲਚ), ਹੰਕਾਰ ਅਤੇ ਤ੍ਰਿਸ਼ਨਾ ਤੱਜ ਕੇ ਗੁਰਮਤਿ ਮਾਰਗ ਤੇ ਤੁਰਦੇ ਹਨ; ਅਤੇ (ਬਹੁਤਾ ਬੋਲਣ ਝਖਣ ਹੋਏ ਦੇ ਹੁਕਮ ਅਨੁਸਾਰ) ਫਾਲਤੂ ਮਾਇਆਵੀ ਬੋਲਣਾ ਨਹੀਂ ਕਰਦੇ।<br><br>'ਬਹੁਤੁ ਨਾਹੀ ਬੋਲਣਾ' ਤੋਂ ਭਾਵ ਮਾਇਆਵੀ ਬੋਲਣ ਦਾ ਹੈ। ਸੰਸਾਰੀਆਂ ਦੀਆਂ ਗੱਲਾਂ ਕੇਵਲ ਮਾਇਆ ਬਾਰੇ ਹੀ ਹੁੰਦੀਆਂ ਹਨ ਅਤੇ ਇਹਨਾਂ ਗੱਲਾਂ ਨਾਲ ਸਮਾਂ ਬਰਬਾਦ ਹੁੰਦਾ ਹੈ। ਗੁਰੂ ਜੀ ਦਸਦੇ ਹਨ ਕਿ ਭਗਤ ਜਨ ਮਾਇਆ ਨਾਲ ਸੰਬੰਧਤ ਗੱਲਾਂ ਕਰਨ ਤੋਂ ਸੰਕੋਚ ਹੀ ਕਰਦੇ ਹਨ। ਗੁਰਮਤਿ ਸੰਬੰਧੀ ਵਿਚਾਰ ਗੋਸ਼ਟੀ ਕਰਨ ਦਾ ਭਾਵ ਨਹੀਂ ਹੈ। |
| ਖੰਨਿਅਹੁ ਤਿਖੀ, ਵਾਲਹੁ ਨਿਕੀ; ਏਤੁ ਮਾਰਗਿ ਜਾਣਾ ॥ | ਖੰਨਿਅਹੁੰ, ਵਾਲਹੁੰ | ਖੰਨਿਅਹੁ ਤਿਖੀ = ਖੰਡੇ ਦੀ ਧਾਰ ਤੋਂ ਤਿਖੀ; ਵਾਲਹੁ ਨਿਕੀ = ਵਾਲੋਂ ਨਿਕੀ, ਵਾਲ ਤੋਂ ਛੋਟੀ; ਏਤੁ ਮਾਰਗਿ ਜਾਣਾ = ਏਸ ਮਾਰਗ ਤੇ ਜਾਣਾ। | (ਗੁਰੂ ਜੀ ਭਗਤਾਂ ਦੇ ਬਿਖਮ ਗੁਰਸਿਖੀ ਮਾਰਗ ਬਾਰੇ ਹੋਰ ਦਸਦੇ ਹਨ ਕਿ ਜੋ ਮਾਰਗ) ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਨਿੱਕਾ ਹੈ, ਇਸ ਮਾਰਗ ਤੇ ਜਾਣਾ ਕਰਦੇ ਹਨ ਭਗਤ ਜਨ।<br><br>ਖੰਡੇ ਦੀ ਧਾਰ ਤੇ ਤੁਰਨਾ ਅਤੇ ਵਾਲੋਂ ਨਿੱਕੀ ਸਿਖੀ ਦਾ ਭਾਵ ਇਹ ਹੈ ਕਿ ਪੈਰ ਪੈਰ ਤੇ, ਅਤੇ ਪਲ ਪਲ ਮਾਇਆ ਦੇ ਲੁਭਾਵਣੇ ਹਮਲੇ ਹੁੰਦੇ ਰਹਿੰਦੇ ਹਨ ਅਤੇ ਸਦਾ ਹੀ ਡੋਲਣ ਦਾ ਤੌਖਲਾ ਬਣਿਆ ਰਹਿੰਦਾ ਹੈ। ਇਸ ਕਰਕੇ ਇਸ ਮਾਰਗ ਨੂੰ ਬਿਖਮ ਮਾਰਗ ਦਸਿਆ ਹੈ ਹਜ਼ੂਰ ਨੇ। |
| ਗੁਰਪਰਸਾਦੀ, ਜਿਨੀ ਆਪੁ ਤਜਿਆ; ਹਰਿ ਵਾਸਨਾ ਸਮਾਣੀ ॥ | ਜਿਨੀਂ | ਗੁਰਪਰਸਾਦੀ = ਗੁਰੂ ਦੀ ਕਿਰਪਾ ਦੁਆਰਾ; ਆਪੁ = ਆਪਾ, ਹਉਮੈ; ਤਜਿਆ = ਛੱਡਣਾ; ਵਾਸਨਾ = ਕਾਮ ਪੂਰਤੀ ਲਈ ਪ੍ਰਬਲ ਇੱਛਾ। | ਗੁਰੂ ਦੀ ਕਿਰਪਾ ਨਾਲ ਜਿਨਾਂ ਨੇ ਆਪਣਾ ਆਪਾ ਤਜਿ ਦਿਤਾ ਹੈ (ਭਾਵ ਆਪਣੀ ਹਉਮੈ ਮਾਰ ਦਿਤੀ ਹੈ) ਉਹਨਾਂ ਦੀ ਵਾਸਨਾ (ਕਾਮ ਪੂਰਤੀ ਦੀ ਇੱਛਾ) ਵੀ ਹਰੀ (ਦੇ ਨਾਮ ਸਿਮਰਨ ਵਿਚ) ਲੈ (ਸਮਾਣੀ) ਕਰ ਦਿਤੀ ਹੈ ਭਾਵ ਨਾਮ ਸਿਮਰਨ ਦੁਆਰਾ ਮੁਕਾ ਦਿਤੀ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਕਹੈ ਨਾਨਕੁ, ਚਾਲ ਭਗਤਾ; ਜੁਗਹੁ ਜੁਗੁ ਨਿਰਾਲੀ ॥੧੪॥ | ਭਗਤਾਂ, ਜੁਗਹੁੰ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਚਾਲ ਭਗਤਾ = ਭਗਤਾਂ ਦੀ ਚਾਲ, ਭਗਤਾਂ ਦਾ ਜੀਵਨ ਜੀਉਣ ਦਾ ਤਰੀਕਾ; ਜੁਗਹੁ ਜੁਗੁ ਨਿਰਾਲੀ = ਜੁਗੋਂ ਜੁਗ ਨਿਆਰੀ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਭਗਤਾਂ ਦੀ ਚਾਲ ਜੁਗਾਂ ਜੁਗਾਂ ਤੋਂ ਨਿਆਰੀ ਹੈ। |
| ਸਾਰੰਸ਼ ਅਤੇ ਤੱਤਸਾਰ: ਭਗਤਾਂ ਦਾ ਰਸਤਾ ਸੰਸਾਰੀਆਂ ਨਾਲੋਂ ਵੱਖ ਹੈ। ਭਗਤਾਂ ਦਾ ਖਾਣ ਪੀਣ, ਪਹਿਨਣ, ਜਾਗਣ, ਸੋਵਣ, ਅਤੇ ਹੋਰ ਸਭ ਕਾਰ ਵਿਹਾਰ ਸੰਸਾਰੀਆਂ ਨਾਲੋਂ ਵੱਖ ਹਨ। 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥' ਵਾਲੇ ਹੁਕਮ ਅਨੁਸਾਰ ਭਗਤਾਂ ਤੇ ਸੰਸਾਰੀਆਂ ਦਾ ਜੋੜ ਕਦੇ ਨਹੀਂ ਹੋ ਸਕਦਾ ਕਿਉਂਕਿ ਉਹਨਾਂ ਦੇ ਰਸਤੇ ਅਲਗ ਹਨ। ਭਗਤ ਪੰਜ ਬਿਕਾਰਾਂ ਨੂੰ ਤੱਜ ਕੇ ਤੁਰਦੇ ਹਨ ਜਦਕਿ ਸੰਸਾਰੀ ਇਹਨਾਂ ਬਿਕਾਰਾਂ ਵਿਚ ਲੁਭਾਇਮਾਨ ਰਹਿੰਦੇ ਹਨ। ਭਗਤਾਂ ਦੇ ਬਿਖਮ ਮਾਰਗ ਤੇ ਤੁਰਨ ਦਾ ਸੁਖ ਫਲ ਭਗਤਾਂ ਨੂੰ ਪ੍ਰਭੂ ਪ੍ਰਾਪਤੀ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਪ੍ਰਭੂ ਪ੍ਰਾਪਤੀ ਰੂਪੀ ਸੁਖ ਫੱਲ ਦੀ ਆਸ ਵਿਚ ਭਗਤ ਜਨ ਖੰਡੇਧਾਰ ਵਰਗੇ ਤਿਖੇ ਗੁਰਮਤਿ ਮਾਰਗ ਤੇ ਖੁਸ਼ੀ ਖੁਸ਼ੀ ਤੁਰਦੇ ਹਨ ਅਤੇ ਇਸ ਤਰ੍ਹਾਂ ਮਨੁੱਖਾ ਜਨਮ ਦਾ ਸੱਚਾ ਲਾਹਾ ਖੱਟ ਕੇ ਚਲਾਣੇ ਉਪਰੰਤ ਸਚਖੰਡ ਵਿਖੇ ਜਾ ਬਿਰਾਜਦੇ ਹਨ। | | | |
| ਜਿਉ ਤੂ ਚਲਾਇਹਿ, ਤਿਵ ਚਲਹ, ਸੁਆਮੀ, ਹੋਰੁ ਕਿਆ ਜਾਣਾ ਗੁਣ ਤੇਰੇ ॥ | ਚਲਾਇਹਿੰ, ਚਲਹਾਂ | ਚਲਾਇਹਿ = ਤੂੰ ਚਲਾਉਂਦਾ ਹੈ; ਚਲਹ = ਅਸੀਂ ਚਲਦੇ ਹਾਂ। | ਜਿਵੇਂ ਤੂੰ ਚਲਾਉਂਦਾ ਹੈਂ ਤਿਵੇਂ ਅਸੀਂ ਚਲਦੇ ਹਾਂ ਹੇ ਸੁਆਮੀ, ਹੋਰ ਅਸੀਂ ਤੇਰੇ ਗੁਣ ਕੀ ਜਾਣਦੇ ਹਾਂ। |
| ਜਿਵ ਤੂ ਚਲਾਇਹਿ, ਤਿਵੈ ਚਲਹ, ਜਿਨਾ ਮਾਰਗਿ ਪਾਵਹੇ ॥ | ਚਲਾਇਹਿੰ, ਚਲਹਾਂ, ਜਿਨਾਂ, ਪਾਵਹੇਂ | ਚਲਾਇਹਿ = ਤੂੰ ਚਲਾਉਂਦਾ ਹੈ; ਚਲਹ = ਅਸੀਂ ਚਲਦੇ ਹਾਂ; ਜਿਨਾ = ਜਿਨਾਂ ਨੂੰ; ਮਾਰਗਿ = ਮਾਰਗ ਉਪਰ, ਮਾਰਗ ਤੇ; ਪਾਵਹੇ = ਪਾਉਂਦਾ ਹੈਂ। | ਜਿਵੇਂ ਤੂੰ ਚਲਾਉਂਦਾ ਹੈਂ, ਉਵੇਂ ਅਸੀਂ ਚਲਦੇ ਹਾਂ, (ਜੀਵਾਂ ਵਿਚੋਂ) ਜਿਨਾਂ ਨੂੰ ਤੂੰ ਆਪਣੇ ਮਾਰਗ ਤੇ ਪਾ ਦਿੰਦਾ ਹੈਂ। (ਮਾਰਗ ਪਏ ਜੀਵ ਕੀ ਕਰਦੇ ਹਨ, ਸੋ ਅਗਲੀ ਪੰਕਤੀ ਵਿਚ ਗੁਰੂ ਜੀ ਦਸਦੇ ਹਨ)। |
| ਕਰਿ ਕਿਰਪਾ, ਜਿਨ ਨਾਮਿ ਲਾਇਹਿ, ਸਿ, ਹਰਿ ਹਰਿ ਸਦਾ ਧਿਆਵਹੇ ॥ | ਲਾਇਹਿੰ, ਧਿਆਵਹੇਂ | ਜਿਨ = ਜਿਨਾਂ ਨੂੰ; ਨਾਮਿ = ਨਾਮ ਵਿਚ; ਲਾਇਹਿ = ਲਾਉਂਦਾ ਹੈਂ, ਧਿਆਵਹੇ = ਧਿਆਉਂਦੇ ਹਨ। | ਕਿਰਪਾ ਕਰਕੇ ਜਿਨਾਂ ਨੂੰ ਤੂੰ ਨਾਮ ਵਿਚ ਲਾਉਂਦਾ ਹੈਂ ਉਹ ਸਦਾ ਹਰਿ ਹਰਿ ਭਾਵ ਗੁਰਮਤਿ ਨਾਮ ਧਿਆਉਂਦੇ ਹਨ।<br><br>'ਹਰਿ' 'ਹਰਿ' ਦਾ ਦੋ ਜਾਂ ਦੋ ਤੋਂ ਵਧ ਲਗਾਤਾਰ ਇਕੱਠਾ ਆਉਣ ਦਾ ਮਕਸਦ ਗੁਰਮਤਿ ਨਾਮ ਬਾਰੰਬਾਰ ਜਪਣ ਤੇ ਜ਼ੋਰ ਦੇਣ ਦਾ ਹੁੰਦਾ ਹੈ। |
| ਜਿਸਨੋ ਕਥਾ ਸੁਣਾਇਹਿ ਆਪਣੀ, ਸਿ, ਗੁਰਦੁਆਰੈ ਸੁਖੁ ਪਾਵਹੇ ॥ | ਸੁਣਾਇਹਿੰ, ਪਾਵਹੇਂ | ਸੁਣਾਇਹਿ = ਸੁਣਾਉਂਦਾ ਹੈਂ; ਗੁਰਦੁਆਰੈ = ਗੁਰਦੁਆਰੇ ਵਿਖੇ; ਪਾਵਹੇ = ਪਾਉਂਦੇ ਹਨ। | ਜਿਸਨੂੰ ਤੂੰ ਆਪਣੀ (ਗੁਰਬਾਣੀ ਰੂਪੀ) ਕਥਾ ਸੁਣਾਉਂਦਾ ਹੈਂ ਉਹ ਗੁਰੂ ਦੇ ਦੁਆਰੇ ਤੋਂ ਸੁਖ ਪਾਉਂਦੇ ਹਨ।<br><br>ਕਥਾ ਦਾ ਭਾਵ ਗੁਰਬਾਣੀ ਵਿਚ ਅਲਪੱਗ ਕਥਾਕਾਰਾਂ ਵਲੋਂ ਲੈਕਚਰ ਤੋਂ ਕਦੇ ਨਹੀਂ ਹੁੰਦਾ ਬਲਕਿ ਗੁਰਬਾਣੀ ਰੂਪੀ ਕਥਾ ਜੋ ਕਿ ਸਤਿਗੁਰਾਂ ਨੇ ਅਤੇ ਸਤਿਗੁਰਾਂ ਵਲੋਂ ਵਰਸੋਏ ਭਗਤਾਂ ਨੇ ਅਕਾਲ ਪੁਰਖ ਦੀ ਕੀਤੀ ਹੈ, ਤੋਂ ਹੁੰਦਾ ਹੈ। |
| ਕਹੈ ਨਾਨਕੁ, ਸਚੇ ਸਾਹਿਬ, ਜਿਉ ਭਾਵੈ, ਤਿਵੈ ਚਲਾਵਹੇ ॥੧੫॥ | ਤਿਵੈਂ, ਚਲਾਵਹੇਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਚਲਾਵਹੇ = ਚਲਾਉਂਦਾ ਹੈਂ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਹੇ ਸੱਚੇ ਸਾਹਿਬ, ਜਿਵੇਂ ਤੈਨੂੰ ਭਾਉਂਦਾ ਹੈ ਉਵੇਂ ਹੀ ਤੂੰ (ਸਾਨੂੰ ਜੀਵਾਂ ਨੂੰ) ਚਲਾਉਂਦਾ ਹੈਂ। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਗੁਰੂ ਜੀ ਨੇ ਗੁਰਸਿਖਾਂ ਤਾਂਈਂ ਇਹ ਤੱਥ ਸਮਝਾਇਆ ਹੈ ਕਿ ਜੀਵਾਂ ਨੂੰ ਜਿਵੇਂ ਅਕਾਲ ਪੁਰਖ ਚਲਾਉਂਦਾ ਹੈ, ਉਵੇਂ ਹੀ ਉਹ ਚਲਦੇ ਹਨ ਅਤੇ ਇਹਨਾਂ ਜੀਵਾਂ ਵਿਚੋਂ ਕੁਝ ਵਡਭਾਗਿਆਂ ਨੂੰ ਉਹ ਆਪਣੇ ਗੁਰਮਤਿ ਨਾਮ ਜਪਣ ਦੇ ਮਾਰਗ ਤੇ ਲਾ ਦਿੰਦਾ ਹੈ, ਉਹ ਗੁਰੂ ਦੇ ਦੁਆਰੇ ਤੋਂ ਸੁਖ ਪ੍ਰਾਪਤ ਕਰਦੇ ਹਨ। ਸਭ ਕੁਝ ਉਹਦੇ ਭਾਵੇ ਵਿਚ ਹੀ ਹੋ ਰਿਹਾ ਹੈ। ਜੀਵਾਂ ਦਾ ਕੁਝ ਜ਼ੋਰ ਨਹੀਂ ਹੈ। | | | |
| ਏਹੁ ਸੋਹਿਲਾ ਸਬਦੁ ਸੁਹਾਵਾ ॥ | ਸ਼ਬਦ | ਸੋਹਿਲਾ = ਖੁਸ਼ੀ ਦਾ ਗੀਤ; ਸਬਦੁ = ਨਾਮ ਗੁਰਮੰਤ੍ਰ ਜਾਂ ਹਰਿਗੁਣ ਰੂਪ ਗੁਰਬਾਣੀ; ਸੁਹਾਵਾ = ਸੁਹਾਵਨਾ, ਸੁਖਦਾਇਕ। | ਇਹ ਸੋਹਿਲਾ (ਖੁਸ਼ੀ ਦਾ ਗੀਤ) ਰੂਪੀ (ਗੁਰੂ ਦਾ) ਸ਼ਬਦ (ਨਾਮ ਜਾਂ ਗੁਰਬਾਣੀ) ਸੁਹਾਵਣਾ (ਸੁਖਦਾਇਕ) ਹੈ। |
| ਸਬਦੋ ਸੁਹਾਵਾ ਸਦਾ ਸੋਹਿਲਾ, ਸਤਿਗੁਰੂ ਸੁਣਾਇਆ ॥ | ਸ਼ਬਦੋ | ਸਬਦੋ = ਨਾਮ ਗੁਰਮੰਤ੍ਰ ਹੀ ਜਾਂ ਹਰਿਗੁਣ ਰੂਪ ਗੁਰਬਾਣੀ ਹੀ; ਸੁਹਾਵਾ = ਸੁਹਾਵਣਾ, ਸੁਖਦਾਇਕ; ਸੋਹਿਲਾ = ਖੁਸ਼ੀ ਦਾ ਗੀਤ। | (ਗੁਰੂ ਦਾ) ਸ਼ਬਦ ਹੀ ਸਦਾ ਸੁਹਾਵਣਾ ਹੈ ਅਤੇ ਸੋਹਿਲਾ (ਖੁਸ਼ੀ ਦਾ ਗੀਤ) ਰੂਪ ਹੈ, (ਐਸਾ ਨਾਮ ਰੂਪੀ ਸ਼ਬਦ) ਸਤਿਗੁਰੂ ਨੇ ਸੁਣਾਇਆ ਹੈ।<br><br>ਸਤਿਗੁਰੂ ਬਿਨਾ ਹੋਰ ਕੋਈ ਵੀ ਨਾਮ ਨਹੀਂ ਸੁਣਾ ਸਕਦਾ। ਗੁਰਦੀਖਿਅਤ ਹੋਣ ਵੇਲੇ ਸਤਿਗੁਰੂ ਜੋ ਨਾਮ ਰੂਪੀ ਸ਼ਬਦ ਸੁਣਾਉਂਦਾ ਹੈ, ਉਹ ਸ਼ਬਦ ਸੋਹਿਲਾ ਰੂਪ ਇਸ ਕਰਕੇ ਹੈ ਕਿਉਂਕਿ ਇਸ ਨਾਮ ਨੂੰ ਜਪ ਜਪ ਕੇ ਸੁਖ ਮਿਲਦਾ ਹੈ। ਹਰਿਗੁਣ ਰੂਪ ਅਤੇ ਅਕੱਥ ਦੀ ਕਥਾ ਰੂਪ ਜੋ ਗੁਰਬਾਣੀ ਹੈ ਸੋ ਵੀ ਸਤਿਗੁਰੂ ਨੇ ਹੀ ਸੁਣਾਈ ਹੈ ਅਤੇ ਇਸ ਤੋਂ ਸੁਹਾਵਾ ਹੋਰ ਕੋਈ ਸੋਹਿਲਾ ਸ੍ਰਿਸ਼ਟੀ ਵਿਚ ਨਹੀਂ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਏਹੁ ਤਿਨ ਕੈ ਮੰਨਿ ਵਸਿਆ, ਜਿਨ ਧੁਰਹੁ ਲਿਖਿਆ ਆਇਆ ॥ | ਧੁਰਹੁੰ | ਮੰਨਿ = ਮਨ ਵਿਚ; ਧੁਰਹੁ - ਧੁਰ ਤੋਂ। | ਇਹ (ਨਾਮ ਅਤੇ ਗੁਰਬਾਣੀ ਰੂਪੀ ਸ਼ਬਦ) ਉਹਨਾਂ ਦੇ ਮਨ ਵਿਚ ਵਸਦਾ ਹੈ ਜਿਨਾਂ ਦੇ (ਇਸ ਦੁਨੀਆ ਵਿਚ ਆਉਣ ਵੇਲੇ), ਧੁਰੋਂ ਹੀ (ਪ੍ਰਭੂ ਨੇ ਭਾਗਾਂ ਵਿਚ) ਲਿਖਿਆ ਹੋਇਆ ਹੋਵੇ।<br><br>ਸਤਿਗੁਰੂ ਦੀ ਪ੍ਰਾਪਤੀ ਉਦੋਂ ਹੀ ਹੁੰਦੀ ਹੈ ਜਦੋਂ ਅਕਾਲ ਪੁਰਖ ਆਪ ਕਿਰਪਾ ਕਰਕੇ ਜੀਵ ਦੇ ਭਾਗਾਂ ਵਿਚ ਸਤਿਗੁਰੂ ਦਾ ਮਿਲਾਪ ਲਿਖੇ। ਸਤਿਗੁਰੂ ਨੂੰ ਮਿਲਣ ਦੇ ਭਾਗ, ਜੀਵ ਦੇ ਆਪਣੇ ਸ਼ੁਭ ਕਰਮਾਂ ਕਰਕੇ ਬਣਦੇ ਹਨ। ਅਕਾਲ ਪੁਰਖ ਜੀਵ ਦੇ ਇਹਨਾਂ ਸ਼ੁਭ ਕਰਮਾਂ ਦੇ ਆਧਾਰ ਤੇ ਹੀ ਸਤਿਗੁਰੂ ਦੇ ਮਿਲਾਪ ਦਾ ਸ਼ੁਭ ਲੇਖ ਜੀਵ ਦੇ ਮਸਤਕ ਤੇ ਲਿਖਦਾ ਹੈ। |
| ਇਕਿ ਫਿਰਹਿ ਘਨੇਰੇ, ਕਰਹਿ ਗਲਾ, ਗਲੀ, ਕਿਨੈ ਨ ਪਾਇਆ ॥ | ਫਿਰਹਿਂ, ਕਰਹਿਂ, ਗਲਾਂ, ਗਲੀਂ | ਇਕਿ = ਕਈ; ਫਿਰਹਿ = ਫਿਰਦੇ ਹਨ; ਕਰਹਿ = ਕਰਦੇ ਹਨ; ਗਲੀਂ = ਗਲਾਂ ਕਰਕੇ ਜਾਂ ਗਲਾਂ ਰਾਹੀਂ; ਕਿਨੈ = ਕਿਸੇ ਨੇ। | ਕਈ ਬਹੁਤ ਫਿਰਦੇ ਹਨ ਅਤੇ (ਬੜੀਆਂ) ਗੱਲਾਂ ਕਰਦੇ ਹਨ (ਪ੍ਰਭੂ ਨੂੰ ਪਾਉਣ ਦੀਆਂ ਡੀਂਗਾਂ ਮਾਰਦੇ ਹਨ ਪਰ) ਗਲੀਂ ਬਾਤੀਂ ਕਿਸੇ ਨੇ (ਪ੍ਰਭੂ) ਨੂੰ ਨਹੀਂ ਪਾਇਆ।<br><br>ਜਿਸਨੂੰ ਸਤਿਗੁਰੂ ਸ਼ਬਦ ਸੁਹਾਵਾ ਜੋ ਕਿ ਸੋਹਿਲਾ ਰੂਪ ਹੈ, ਸੁਣਾ ਦੇਵੇ, ਅਤੇ ਉਹ ਵਡਭਾਗਾ ਜਨ ਜੇਕਰ ਇਸ ਸ਼ਬਦ ਸੁਹਾਵੇ ਨੂੰ ਜਪ ਜਪ ਕੇ ਹਿਰਦੇ ਵਿਚ ਵਸਾ ਲਵੇ, ਉਹੀ ਪਰਮਾਰਥੀ ਪ੍ਰਾਪਤੀ ਕਰ ਸਕਦਾ ਹੈ। ਕੇਵਲ ਗੱਲਾਂ ਨਾਲ ਕੁਝ ਨਹੀਂ ਬਣਦਾ। |
| ਕਹੈ ਨਾਨਕੁ, ਸਬਦੁ ਸੋਹਿਲਾ, ਸਤਿਗੁਰੂ ਸੁਣਾਇਆ ॥੧੯॥ | ਸ਼ਬਦ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਬਦੁ = ਨਾਮ ਗੁਰਮੰਤ੍ਰ ਜਾਂ ਹਰਿਗੁਣ ਰੂਪ ਗੁਰਬਾਣੀ; ਸੋਹਿਲਾ = ਖੁਸ਼ੀ ਦਾ ਗੀਤ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ (ਗੁਰੂ ਦਾ) ਸ਼ਬਦ ਸੋਹਿਲਾ ਹੈ, ਇਹ ਸਤਿਗੁਰੂ ਨੇ (ਆਪ ) ਸੁਣਾਇਆ ਹੈ (ਵਡਭਾਗੇ ਕਿਸੇ ਜਨ ਨੂੰ)। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਹਜ਼ੂਰ ਨੇ ਨਾਮ ਅਤੇ ਹਰਿਗੁਣ ਭਾਵ ਗੁਰਬਾਣੀ ਨੂੰ ਸੋਹਿਲਾ ਕਹਿ ਕੇ ਵਡਿਆਇਆ ਹੈ। ਸੋਹਿਲਾ ਕਹਿੰਦੇ ਹਨ ਖੁਸ਼ੀ ਦੇ ਗੀਤ ਨੂੰ। ਨਾਮ ਦਾ ਜਪਣਾ ਅਤੇ ਗੁਰਬਾਣੀ ਦਾ ਪਾਠ ਕੀਰਤਨ ਕਰਨਾ ਸੋਹਿਲਾ ਗਾਉਣ ਵਾਂਗ ਹੈ। ਹੋਰ ਗੁਰੂ ਜੀ ਨੇ ਸ਼ਬਦ ਨੂੰ ਸੁਹਾਵਾ ਵੀ ਕਿਹਾ ਹੈ ਜਿਸਦਾ ਅਰਥ ਹੈ ਕਿ ਇਹ ਸੁਖਦਾਇਕ ਹੈ। ਐਸਾ ਸੁਖਦਾਇਕ ਅਤੇ ਸੋਹਿਲਾ ਰੂਪ ਨਾਮ ਕੇਵਲ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਸਤਿਗੁਰੂ ਆਪ ਕਿਸੇ ਜੀਵ ਤੇ ਕਿਰਪਾ ਕਰਕੇ ਇਹ ਸ਼ਬਦ ਉਸਨੂੰ ਸੁਣਾਵੇ। ਅਨੇਕਾਂ ਫਿਰਦੇ ਹਨ ਜੋ ਗੱਲਾਂ ਬਹੁਤ ਕਰਦੇ ਹਨ ਪਰ ਗਲੀਂ ਬਾਤੀਂ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਤਿਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ ਫੇਰ ਇਸ ਨਾਮ ਗੁਰਮੰਤ੍ਰ ਦਾ ਧਿਆਨ ਨਾਲ ਗੁਰਮਤਿ ਅਨੁਸਾਰ ਜਾਪ ਕਰਕੇ ਹੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। | | | |
| ਪਵਿਤੁ ਹੋਏ ਸੇ ਜਨਾ, ਜਿਨੀ ਹਰਿ ਧਿਆਇਆ ॥ | ਜਿਨੀਂ | ਪਵਿਤੁ = ਪਵਿਤ੍ਰ, ਨਿਰਮਲ; ਜਿਨੀ = ਜਿਨਾਂ ਨੇ। | ਉਹ ਜਨ ਪਵਿਤ੍ਰ ਹੋ ਗਏ ਹਨ ਜਿਨਾਂ ਨੇ ਹਰੀ ਨੂੰ ਧਿਆਇਆ ਹੈ। |
| ਹਰਿ ਧਿਆਇਆ, ਪਵਿਤੁ ਹੋਏ, ਗੁਰਮੁਖਿ ਜਿਨੀ ਧਿਆਇਆ ॥ | | ਗੁਰਮੁਖਿ = ਗੁਰੂ ਦੇ ਮੁਖ ਰਾਹੀਂ ਭਾਵ ਗੁਰੂ ਰਾਹੀਂ ਭਾਵ ਗੁਰਮਤਿ ਰਾਹੀਂ; ਪਵਿਤੁ = ਪਵਿਤ੍ਰ, ਨਿਰਮਲ; ਜਿਨੀ = ਜਿਨਾਂ ਨੇ। | ਜਿਨਾਂ ਨੇ ਹਰੀ ਨੂੰ ਧਿਆਇਆ ਹੈ, ਉਹ ਪਵਿਤ੍ਰ ਹੋ ਗਏ ਹਨ ਪਰ (ਪਵਿਤ੍ਰ ਉਹ ਹੋਏ ਹਨ) ਜਿਨਾਂ ਨੇ ਗੁਰੂ ਦੇ ਰਾਹੀਂ ਧਿਆਇਆ ਹੈ।<br><br>ਇਸ ਪੰਕਤੀ ਵਿਚ ਆਏ ਸ਼ਬਦ 'ਗੁਰਮੁਖਿ' ਦੀ ਬਹੁਤ ਮਹੱਤਤਾ ਹੈ ਕਿਉਂਕਿ ਇਸ ਨਾਲ ਗੁਰੂ ਜੀ ਨੇ ਇਹ ਗਲ ਬਹੁਤ ਫੋਰਸ ਨਾਲ ਕਹੀ ਹੈ ਕਿ ਉਹੋ ਹੀ ਜਨ ਪਵਿਤ੍ਰ ਹੋਏ ਹਨ ਨਾਮ ਜਪਕੇ ਜਿਨਾਂ ਨੇ ਗੁਰੂ ਦੇ ਰਾਹੀਂ ਧਿਆਇਆ ਹੈ ਭਾਵ ਗੁਰਸਿਖ ਬਣ ਕੇ, ਗੁਰੂ ਦੀਖਿਆ ਲੈ ਕੇ ਨਾਮ ਜਪਿਆ ਹੈ। ਨਿਗੁਰੇ ਪੁਰਖ, ਜੋ ਬਿਨਾ ਗੁਰੂ ਦੀ ਸ਼ਰਨ ਪਏ, ਨਾਮ ਜਪਦੇ ਹਨ, ਉਹਨਾਂ ਦਾ ਜਪਿਆ ਪਰਵਾਨ ਨਹੀਂ ਹੁੰਦਾ। |
| ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ, ਪਵਿਤੁ ਸੰਗਤਿ ਸਬਾਈਆ ॥ | ਸਿਉਂ | ਕੁਟੰਬੁ = ਪਰਿਵਾਰ; ਸੰਗਤਿ ਸਬਾਈਆ = ਸਾਰੀ ਸੰਗਤ। | (ਜਿਨਾਂ ਨੇ ਗੁਰੂ ਰਾਹੀਂ ਹਰੀ ਨੂੰ ਧਿਆਇਆ ਹੈ ਉਹਨਾਂ ਦੀ) ਮਾਤਾ ਪਵਿਤ੍ਰ ਹੈ, ਪਿਤਾ ਪਵਿਤ੍ਰ ਹੈ ਸਣੇ ਪਰਿਵਾਰ ਦੇ ਅਤੇ ਸਾਰੀ ਸੰਗਤ ਵੀ ਪਵਿਤ੍ਰ ਹੋ ਜਾਂਦੀ ਹੈ।<br><br>ਇਸ ਪਕਤੀ ਦਾ ਭਾਵ ਇਹ ਨਹੀਂ ਕਿ ਮਾਤਾ, ਪਿਤਾ, ਪਰਿਵਾਰ ਅਤੇ ਸੰਗਤ ਆਦਿ ਬਿਨਾਂ ਗੁਰਮਤਿ ਧਾਰਨ ਕੀਤੇ ਦੇ ਹੀ ਪਵਿਤ੍ਰ ਹੋ ਜਾਂਦੇ ਹਨ। ਅਸਲ ਵਿਚ ਜਦੋਂ ਗੁਰਮੁਖਿ ਜਨ ਨਾਮ ਜਪਦੇ ਹਨ, ਉਦੋਂ ਉਹਨਾਂ ਦੇ ਸ਼ੁਭ ਅਸਰ ਨਾਲ ਸਾਰਾ ਪਰਿਵਾਰ ਵੀ ਹੌਲੀ ਹੌਲੀ ਗੁਰਮਤਿ ਵਲ ਨੂੰ ਆਉਣ ਲਗ ਜਾਂਦਾ ਹੈ ਅਤੇ ਨਾਮ ਦਾ ਸਦਕਾ ਉਹ ਸਭ ਵੀ ਪਵਿਤ੍ਰ ਹੋਣ ਲਗ ਜਾਂਦੇ ਹਨ। ਜੇਕਰ ਇਸ ਜਨਮ ਵਿਚ ਨਾ ਵੀ ਮੁਕਤ ਹੋਣ ਪਰ ਉਹਨਾਂ ਤੇ ਮੁਕਤ ਹੋਣ ਦੀ ਮੋਹਰ ਲਗ ਜਾਂਦੀ ਹੈ ਅਤੇ ਸਮਾਂ ਆਉਣ ਤੇ ਉਹਨਾਂ ਨੂੰ ਵੀ ਗੁਰੂ ਘਰ ਤੋਂ ਨਾਮ ਦੀ ਗੁਰਮਤਿ ਅਨੁਸਾਰ ਪ੍ਰਾਪਤੀ ਹੁੰਦੀ ਹੈ ਅਤੇ ਉਹ ਇਸ ਤਰ੍ਹਾਂ ਗੁਰਮਤਿ ਅਨੁਸਾਰ ਮੁਕਤ ਹੁੰਦੇ ਹਨ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਕਹਦੇ ਪਵਿਤੁ, ਸੁਣਦੇ ਪਵਿਤੁ, ਸੇ ਪਵਿਤੁ, ਜਿਨੀ ਮੰਨਿ ਵਸਾਇਆ ॥ | | ਕਹਦੇ = ਕਹਣਵਾਲੇ; ਸੁਣਦੇ = ਸੁਨਣ ਵਾਲੇ; ਪਵਿਤੁ = ਪਵਿਤ੍ਰ, ਨਿਰਮਲ; ਜਿਨੀ = ਜਿਨਾਂ ਨੇ; ਮੰਨਿ = ਮਨ ਵਿਚ। | (ਗੁਰਮਤਿ ਨਾਮ ਨੂੰ) ਕਹਿਣ ਵਾਲੇ, ਸੁਨਣ ਵਾਲੇ ਅਤੇ (ਇਸ ਤਰ੍ਹਾਂ) ਮਨ ਵਿਚ ਵਸਾਉਣ ਵਾਲੇ ਪਵਿਤ੍ਰ ਹੋ ਜਾਂਦੇ ਹਨ। |
| ਕਹੈ ਨਾਨਕੁ, ਸੇ ਪਵਿਤੁ, ਜਿਨੀ, ਗੁਰਮੁਖਿ ਹਰਿ ਹਰਿ ਧਿਆਇਆ ॥੧੭॥ | ਜਿਨੀਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸੇ = ਉਹ; ਪਵਿਤੁ = ਪਵਿਤ੍ਰ, ਨਿਰਮਲ; ਜਿਨੀ = ਜਿਨਾਂ ਨੇ; ਗੁਰਮੁਖਿ = ਗੁਰੂ ਰਾਹੀਂ, ਗੁਰਮਤਿ ਰਾਹੀਂ; ਹਰਿ ਹਰਿ = ਦੋ ਵਾਰੀ ਜਾਂ ਵਧ ਵਾਰੀ 'ਹਰਿ' 'ਹਰਿ' ਜਾਂ 'ਰਾਮ' 'ਰਾਮ' ਆਦਿ ਕਿਰਤਮ ਨਾਮਾਂ ਦਾ ਭਾਵ ਲਗਾਤਾਰ ਗੁਰਮਤਿ ਨਾਮ ਜਪਣ ਦਾ ਹੁੰਦਾ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਉਹ ਪਵਿਤ੍ਰ ਹਨ ਜਿਨਾਂ ਨੇ ਗੁਰੂ ਦੇ ਰਾਹੀਂ (ਭਾਵ ਗੁਰਮੁਖਿ ਬਣ ਕੇ) ਗੁਰਮਤਿ ਨਾਮ ਜਪਿਆ ਹੈ।<br><br>ਜਿਨੀ, ਗੁਰਮੁਖਿ ਹਰਿ ਹਰਿ ਧਿਆਇਆ – ਜਿਨਾਂ ਨੇ ਗੁਰੂ ਰਾਹੀਂ ਨਾਮ ਧਿਆਇਆ। 'ਜਿਨੀ ਗੁਰਮੁਖਿ' ਪਾਠ ਨਹੀਂ ਉਠਾਉਣਾ ਕਿਉਂਕਿ ਇਥੇ ਪੰਕਤੀ ਦਾ ਭਾਵ ਇਹ ਨਹੀਂ ਕਿ ਜਿਨਾਂ ਗੁਰਮੁਖਾਂ ਨੇ ਹਰਿ ਹਰਿ ਧਿਆਇਆ। 'ਜਿਨਾਂ ਗੁਰਮੁਖਾਂ ਨੇ ਨਾਮ ਜਪਿਆ' ਤੋਂ ਇਹ ਸ਼ੰਕਾ ਉਪਜਦੀ ਹੈ ਕਿ ਕਈ ਅਜਿਹੇ ਵੀ ਗੁਰਮੁਖ ਹੋਣਗੇ ਜੋ ਨਾਮ ਨਹੀਂ ਜਪਦੇ। |
| ਸਾਰੰਸ਼ ਅਤੇ ਤੱਤਸਾਰ: ਗੁਰਮਤਿ ਨਾਮ ਰਾਹੀਂ ਹਰੀ ਨੂੰ ਧਿਆਉਣ ਦੀ ਮਹਿਮਾ ਬੇਅੰਤ ਹੈ। ਨਾ ਸਿਰਫ ਸਾਧਕ ਹੀ ਪਵਿਤ੍ਰ ਹੋ ਜਾਂਦਾ ਹੈ ਬਲਕਿ ਉਸਦੇ ਪਰਿਵਾਰ ਵਾਲੇ ਅਤੇ ਸੰਗਤ ਕਰਨਵਾਲੇ ਵੀ ਪਵਿਤ੍ਰ ਹੋ ਜਾਂਦੇ ਹਨ। ਐਸੀ ਕਲਾ ਹੈ ਗੁਰਮਤਿ ਨਾਮ ਦੀ ਕਿ ਜਿਸ ਦੇਹੀ ਵਿਚ ਨਾਮ ਜਪਿਆ ਜਾਂਦਾ ਹੈ, ਉਹ ਤਾਂ ਪਵਿਤ੍ਰ ਹੁੰਦੀ ਹੀ ਹੈ ਬਲਕਿ ਉਹ ਸਾਰਾ ਸ਼ਹਿਰ ਹੀ ਪਵਿਤ੍ਰ ਹੋ ਜਾਂਦਾ ਹੈ ਜਿਥੇ ਗੁਰਮੁਖਿ ਨਾਮ ਜਪਦਾ ਹੈ, ਯਥਾ ਗੁਰਵਾਕ: ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥ ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥ | | | |
| ਕਰਮੀ, ਸਹਜੁ ਨ ਊਪਜੈ, ਵਿਣੁ ਸਹਜੈ, ਸਹਸਾ ਨ ਜਾਇ ॥ | ਕਰਮੀਂ | ਕਰਮੀ = ਕਰਮਾਂ ਰਾਹੀਂ; ਸਹਜੁ = ਜਿਸ ਵੇਲੇ ਗੁਰਮੁਖਿ ਜਨ ਸਹਿਜ ਸੁਭਾਏ ਹੀ ਨਾਮ ਵਿਚ ਹੀ ਮਖਮੂਰ ਰਹਿੰਦਾ ਹੈ, ਅਤੇ ਤ੍ਰੈਗੁਣੀ ਮਾਇਆ ਤੋਂ ਉਪਰਾਮ ਰਹਿੰਦਾ ਹੈ, ਉਸ ਅਵਸਥਾ ਨੂੰ ਸਹਿਜ ਦੀ ਅਵਸਥਾ ਦਸਿਆ ਗਿਆ ਹੈ; ਸਹਸਾ = ਸੰਸਾ, ਦੁਬਿਧਾ, ਮਨ ਦਾ ਮਾਇਆ ਵਿਚ ਖੁਭੇ ਰਹਿਣਾ। | (ਗੁਰਮਤਿ ਤੋਂ ਹੀਣੇ ਅਨਿਕ ਪ੍ਰਕਾਰੀ) ਕਰਮਾਂ ਦੁਆਰਾ ਸਹਜ ਨਹੀਂ ਉਪਜਦਾ (ਪੈਦਾ ਨਹੀਂ ਹੁੰਦਾ) ਅਤੇ ਸਹਜ ਬਿਨਾ ਸੰਸਾ ਨਹੀਂ ਜਾਂਦਾ। |
| ਨਹ ਜਾਇ ਸਹਸਾ, ਕਿਤੈ ਸੰਜਮਿ, ਰਹੇ ਕਰਮ ਕਮਾਏ ॥ | | ਸਹਸਾ = ਸੰਸਾ, ਦੁਬਿਧਾ ; ਕਿਤੈ ਸੰਜਮਿ = ਕਿਸੇ ਸੰਜਮ ਦੁਆਰਾ, ਕਿਸੇ ਇਲਾਜ ਦੁਆਰਾ; ਰਹੇ ਕਰਮ ਕਮਾਏ = ਕਰਮ ਕਮਾਉਂਦੇ ਰਹਿ ਗਏ ਭਾਵ ਥੱਕ ਗਏ। | ਸੰਸਾ ਨਹੀਂ ਜਾਂਦਾ, ਕਿਸੇ ਵੀ (ਗੁਰਮਤਿ ਤੋਂ ਹੀਣੇ) ਸੰਜਮ ਦੁਆਰਾ, (ਅਨੇਕਾਂ ਲੋਕ ਅਨਿਕ ਪ੍ਰਕਾਰੀ) ਕਰਮ ਕਮਾ ਕਮਾ ਕੇ ਰਹਿ ਗਏ। |
| ਸਹਸੈ, ਜੀਉ ਮਲੀਣੁ ਹੈ, ਕਿਤੁ ਸੰਜਮਿ, ਧੋਤਾ ਜਾਏ ॥ | | ਸਹਸੈ = ਸੰਸੇ ਕਰਕੇ; ਜੀਉ ਮਲੀਣੁ ਹੈ = ਜੀਵ ਮੈਲਾ ਹੈ; ਕਿਤੁ ਸੰਜਮਿ = ਕਿਸ ਸੰਜਮ ਨਾਲ; ਧੋਤਾ ਜਾਏ = ਧੋਤਾ ਜਾਵੇ, ਸਾਫ ਹੋਵੇ। | ਸੰਸੇ (ਦੁਬਿਧਾ) ਕਰਕੇ ਜੀਵ ਮੈਲਾ ਹੈ ਤਾਂ ਤੇ ਇਹ ਕਿਸ ਸੰਜਮ ਦੁਆਰਾ ਧੋਤਾ ਜਾਵੇ। |
| ਮੰਨੁ ਧੋਵਹੁ, ਸਬਦਿ ਲਾਗਹੁ, ਹਰਿ ਸਿਉ ਰਹਹੁ ਚਿਤੁ ਲਾਇ ॥ | ਸ਼ਬਦਿ, ਸਿਉਂ | ਮੰਨੁ ਧੋਵਹੁ = ਮਨ ਇਦਾਂ ਧੋਵੋ; ਸਬਦਿ ਲਾਗਹੁ = ਸ਼ਬਦ ਵਿਚ ਲਗੋ; ਹਰਿ ਸਿਉ = ਹਰੀ ਨਾਲ; ਰਹਹੁ ਚਿਤੁ ਲਾਇ = ਚਿਤ ਲਾ ਕੇ ਰਖੋ। | (ਇਸ ਮਹਾਂਵਾਕ ਵਿਚ ਗੁਰੂ ਜੀ ਮਲੀਣ ਜੀਉ ਨੂੰ ਧੋਣ ਦਾ ਤਰੀਕਾ ਦਸਦੇ ਹਨ ਕਿ) ਮਨ ਇਦਾਂ ਧੋਵੋ ਕਿ ਸ਼ਬਦ ਵਿਚ ਲਗੋ ਭਾਵ ਗੁਰਮਤਿ ਨਾਮ ਨੂੰ ਗੁਰਮਤਿ ਅਨੁਸਾਰ ਧਿਆਵੋ, ਇਸ ਤਰੀਕੇ ਨਾਲ ਹਰੀ ਨਾਲ ਚਿਤ ਲਾਈ ਰਖੋ। |
| ਕਹੈ ਨਾਨਕੁ, ਗੁਰ ਪਰਸਾਦੀ, ਸਹਜੁ ਉਪਜੈ, ਇਹੁ ਸਹਸਾ, ਇਵ ਜਾਇ ॥੧੮॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਗੁਰਪਰਸਾਦੀ = ਗੁਰੂ ਦੀ ਕਿਰਪਾ ਨਾਲ; ਸਹਜੁ ਉਪਜੈ = ਸਹਜ ਉਪਜਦਾ ਹੈ; ਇਹੁ ਸਹਸਾ = ਇਹ ਸੰਸਾ; ਇਵ ਜਾਇ = ਇਦਾਂ ਜਾਂਦਾ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, (ਇਸ ਤੋਂ ਪਹਿਲੀ ਪੰਕਤੀ ਅਨੁਸਾਰ ਸ਼ਬਦ ਵਿਚ ਲਗੇ ਰਹਿਣ ਨਾਲ) ਗੁਰੂ ਦੀ ਕਿਰਪਾ ਨਾਲ ਸਹਜ ਉਪਜਦਾ ਹੈ ਅਤੇ ਇਹ ਸੰਸਾ ਇਦਾਂ ਜਾਂਦਾ ਹੈ।<br><br>ਸ਼ਬਦ ਵਿਚ ਲਗਣ ਤੋਂ ਬਾਅਦ ਵੀ ਗੁਰਪਰਸਾਦੀ ਸਹਜ ਅਵਸਥਾ ਉਪਜਦੀ ਹੈ ਤੇ ਫੇਰ ਸੰਸਾ ਮਰਦਾ ਹੈ। |
| ਸਾਰੰਸ਼ ਅਤੇ ਤੱਤਸਾਰ: ਸਹਜ ਉਸ ਆਤਮਕ ਅਵਸਥਾ ਨੂੰ ਕਿਹਾ ਗਿਆ ਹੈ ਜਿਥੇ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ। ਇਸ ਅਵਸਥਾ ਵਿਚ ਡੋਲਣ ਨਹੀਂ ਹੁੰਦਾ ਅਤੇ ਇਥੇ ਮਾਇਆਵੀ ਸੰਸੇ ਅਤੇ ਦੁਬਿਧਾ ਦਾ ਉਕਾ ਹੀ ਅਭਾਵ ਹੁੰਦਾ ਹੈ। ਇਸ ਪਉੜੀ ਵਿਚ ਗੁਰੂ ਜੀ ਨੇ ਸਮਝਾਇਆ ਹੈ ਕਿ ਗੁਰਮਤਿ ਤੋਂ ਬਿਨਾ ਹੋਰ ਕਰਮਾਂ ਰਾਹੀਂ ਸਹਜ ਨਹੀਂ ਉਪਜਦਾ ਅਤੇ ਇਸ ਸਹਜ ਪਦ ਦੀ ਪ੍ਰਾਪਤੀ ਤੋਂ ਬਿਨਾ ਸੰਸਾ ਨਹੀਂ ਮਿਟਦਾ। ਇਕ ਹੀ ਤਰੀਕਾ ਹੈ ਸੰਸਾ ਮਿਟਾਉਣ ਦਾ ਅਤੇ ਉਹ ਹੈ ਕਿ ਗੁਰਮੁਖਿ ਜਨ ਗੁਰਮਤਿ ਨਾਮ ਰੂਪੀ ਸ਼ਬਦ ਵਿਚ ਲਗੇ ਅਤੇ ਲਗਿਆ ਹੀ ਰਹੇ। ਫੇਰ ਜਾ ਕੇ ਗੁਰੂ ਜੀ ਦੀ ਕਿਰਪਾ ਨਾਲ ਸਹਜ ਉਪਜਦਾ ਹੈ ਅਤੇ ਉਸ ਤੋਂ ਉਪਰੰਤ ਸੰਸੇ ਦਾ ਨਾਸ ਹੁੰਦਾ ਹੈ। | | | |
| ਜੀਅਹੁ ਮੈਲੇ, ਬਾਹਰਹੁ ਨਿਰਮਲ ॥ | ਜੀਅਹੁੰ, ਬਾਹਰਹੁੰ, ਤਿਨੀਂ | ਜੀਅਹੁ = ਜੀਅ ਕਰਕੇ, ਮਨ ਕਰਕੇ; ਬਾਹਰਹੁ = ਬਾਹਰੋਂ, ਸਰੀਰ ਕਰਕੇ; ਨਿਰਮਲ = ਨਿਰ+ਮਲ=ਮੈਲ ਤੋਂ ਰਹਿਤ, ਪਵਿਤ੍ਰ। | (ਕਈ) ਦਿਲੋਂ (ਜੀਅਹੁ) ਮੈਲੇ ਹਨ ਪਰ ਬਾਹਰੋਂ ਨਿਰਮਲ ਹਨ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਬਾਹਰਹੁ ਨਿਰਮਲ, ਜੀਅਹੁ ਤ ਮੈਲੇ, ਤਿਨੀ ਜਨਮੁ ਜੂਐ ਹਾਰਿਆ ॥ | ਜੀਅਹੁੰ, ਬਾਹਰਹੁੰ, ਤਿਨੀਂ | ਜੀਅਹੁ = ਜੀਅ ਕਰਕੇ, ਮਨ ਕਰਕੇ; ਬਾਹਰਹੁ = ਬਾਹਰੋਂ, ਸਰੀਰ ਕਰਕੇ; ਨਿਰਮਲ = ਨਿਰ+ਮਲ=ਮੈਲ ਤੋਂ ਰਹਿਤ, ਪਵਿਤ੍ਰ; ਜੂਐ = ਜੂਏ ਵਿਚ; ਹਾਰਿਆ = ਗਵਾ ਲਿਆ। | ਬਾਹਰੋਂ ਨਿਰਮਲ ਪਰ ਦਿਲੋਂ ਮੈਲੇ ਹਨ, ਉਹਨਾਂ ਨੇ ਜਨਮ ਜੂਏ ਵਿਚ ਹਾਰ ਲਿਆ ਹੈ ਭਾਵ ਬੇਕਾਰ ਹੀ ਆਪਣਾ ਜਨਮ ਗਵਾ ਲਿਆ ਹੈ।<br><br>'ਬਾਹਰਹੁ ਨਿਰਮਲ' ਦਾ ਭਾਵ ਹੈ ਬਾਹਰੋਂ ਧਾਰਮਕ ਲਗਣਾ ਅਤੇ 'ਜੀਅਹੁ ਤ ਮੈਲੇ' ਦਾ ਭਾਵ ਹੈ ਅੰਦਰੋਂ ਬਿਕਾਰਾਂ ਵਿਚ ਫਸੇ ਹੋਣਾ ਅਤੇ ਪਾਪ ਚਿਤਵਣਾ। ਅਜਿਹੇ ਲੋਕ ਜੋ ਮਨ ਕਰਕੇ ਭਗਤੀ ਨਹੀਂ ਕਰਦੇ ਉਹ ਆਪਣਾ ਜਨਮ ਗਵਾ ਲੈਂਦੇ ਹਨ ਭਾਂਵੇ ਉਹ ਬਾਹਰੋ ਧਾਰਮਕ ਕਰਮ ਵੀ ਕਰਦੇ ਹੋਣ ਅਤੇ ਉਹਨਾਂ ਦੀ ਬਾਹਰੀ ਦਿਖ ਧਰਮੀ ਪੁਰਖਾਂ ਵਾਲੀ ਹੋਵੇ। |
| ਏਹ ਤਿਸਨਾ, ਵਡਾ ਰੋਗੁ ਲਗਾ, ਮਰਣੁ ਮਨਹੁ ਵਿਸਾਰਿਆ ॥ | ਤਿਸ਼ਨਾ, ਮਨਹੁੰ | ਤਿਸਨਾ = ਹੋਰ ਹੋਰ ਮਾਇਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਤੀਬਰ ਪਿਆਸ ਜਾਂ ਭੁੱਖ; ਰੋਗੁ = ਮਰਜ਼, ਬੀਮਾਰੀ, ਬਿਆਧਿ; ਮਰਣੁ = ਮਰਣਾ; ਮਨਹੁ = ਮਨੋਂ, ਮਨ ਵਿਚੋਂ; ਵਿਸਾਰਿਆ = ਭੁਲਾ ਦਿਤਾ। | (ਅੰਦਰੋਂ ਮੈਲਿਆਂ ਦਾ ਅਵਗੁਣ ਦਸਦੇ ਹਨ ਕਿ ਉਹਨਾਂ ਨੂੰ) ਇਹ ਤ੍ਰਿਸ਼ਨਾ ਦਾ ਵਡਾ ਰੋਗ ਲਗਿਆ ਹੋਇਆ ਹੁੰਦਾ ਹੈ ਕਿਉਂਕਿ ਉਹਨਾਂ ਨੇ ਮਰਣ ਨੂੰ ਮਨੋਂ ਭੁਲਾਇਆ ਹੁੰਦਾ ਹੈ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਤ੍ਰਿਸ਼ਨਾ ਦਾ ਵਡਾ ਰੋਗ ਤਾਂ ਲਗਦਾ ਹੈ ਜਦੋਂ ਮਨੋਂ ਮਰਣਾ ਵਿਸਾਰ ਦਿਤਾ ਜਾਂਦਾ ਹੈ ਅਤੇ ਜੇਕਰ ਮੌਤ ਨੂੰ ਚੇਤੇ ਰਖਿਆ ਜਾਵੇ ਅਤੇ ਇਸ ਦੁਨੀਆ ਵਿਚ ਮਿਹਮਾਨ ਦੀ ਨਿਆਈ ਜੀਵਿਆ ਜਾਵੇ ਤਾਂ ਇਥੋਂ ਦੇ ਕੂੜ ਪਦਾਰਥ ਇਕੱਠੇ ਕਰਨ ਦੀ ਤਮ੍ਹਾ ਨਹੀਂ ਰਹਿੰਦੀ। |
| ਵੇਦਾ ਮਹਿ, ਨਾਮੁ ਉਤਮੁ ਸੋ ਸੁਣਹਿ ਨਾਹੀ, ਫਿਰਹਿ ਜਿਉ ਬੇਤਾਲਿਆ ॥ | ਸੁਣਹਿੰ, ਨਾਹੀਂ, ਫਿਰਹਿੰ, ਜਿਉਂ | ਵੇਦਾ ਮਹਿ = ਵੇਦਾਂ ਵਿਚ; ਨਾਮੁ ਉਤਮੁ = ਸ੍ਰੇਸ਼ਟ ਨਾਮ, ਗੁਰਮਤਿ ਨਾਮ; ਫਿਰਹਿ = ਫਿਰਦੇ ਹਨ; ਜਿਉ ਬੇਤਾਲਿਆ = ਭੂਤਨਿਆਂ ਵਾਂਗ। | (ਜੋ) ਵੇਦਾਂ ਵਿਚ ਹੀ ਉਲਝੇ ਰਹਿੰਦੇ ਹਨ ਅਤੇ ਨਾਮ ਉਤਮ ਸੁਣਦੇ ਨਹੀਂ, ਉਹ ਭੂਤਨਿਆਂ ਵਾਂਗ ਫਿਰਦੇ ਰਹਿੰਦੇ ਹਨ ਭਾਵ ਮਾਇਆ ਦੇ ਦੀਵਾਨੇ ਕੀਤੇ ਹੋਏ ਮਾਇਆ ਦੀ ਦੌੜ ਵਿਚ ਲਗੇ ਰਹਿੰਦੇ ਹਨ।<br><br>ਪੰਕਤੀ ਦਾ ਅਨਵੈ: ਨਾਮ ਉਤਮ ਹੈ ਸੋ ਸੁਣਦੇ ਨਹੀਂ, ਵੇਦਾਂ ਮਹਿ ਬੇਤਾਲਿਆਂ (ਭੂਤਨਿਆਂ) ਵਾਂਗ ਫਿਰਦੇ ਹਨ। ਇਸਦਾ ਮਤਲਬ ਹੈ ਕਿ ਅਗਿਆਨੀ ਲੋਕ ਭੂਤਾਂ ਵਾਂਗ ਵੇਦਾਂ ਵਿਚ ਹੀ ਭਟਕਦੇ ਰਹਿੰਦੇ ਹਨ ਅਤੇ ਨਾਮ ਨੂੰ ਸੁਣਦੇ ਹੀ ਨਹੀਂ। ਇਸ ਪੰਕਤੀ ਦਾ ਕਈ ਲੋਕ ਇਹ ਅਰਥ ਕਰਦੇ ਹਨ ਕਿ ਵੇਦਾਂ ਵਿਚ ਨਾਮ ਹੈ ਪਰ ਇਹ ਗਲ ਤਾਂ ਗੁਰਮਤਿ ਦੇ ਵਿਰੋਧ ਵਿਚ ਹੈ ਕਿਉਂਕਿ ਇਸੇ ਬਾਣੀ ਦੀ ੨੭ ਵੀਂ ਪਉੜੀ ਵਿਚ ਦਰਜ ਹੈ ਕਿ ਸਿਮ੍ਰਿਤਿ ਸ਼ਾਸਤ੍ਰ ਕੇਵਲ ਪਾਪ ਪੁੰਨ ਦੀ ਵਿਚਾਰ ਕਰਦੇ ਹਨ ਪਰ ਤੱਤ ਦੀ ਸਾਰ ਨਹੀਂ ਜਾਣਦੇ। |
| ਕਹੈ ਨਾਨਕੁ, ਜਿਨ ਸਚੁ ਤਜਿਆ, ਕੂੜੇ ਲਾਗੇ, ਤਿਨੀ ਜਨਮੁ ਜੂਐ ਹਾਰਿਆ ॥੧੯॥ | ਤਿਨੀਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਚੁ = ਸਚ ਰੂਪ ਪ੍ਰਭੂ, ਪ੍ਰਭੂ ਦਾ ਨਾਮ; ਤਜਿਆ = ਛਡਿਆ; ਕੂੜੇ ਲਾਗੇ = ਕੂੜ ਵਿਚ ਲਗੇ, ਝੂਠ ਵਿਚ ਲਗੇ; ਤਿਨੀ = ਤਿਨਾਂ ਨੇ, ਉਹਨਾਂ ਨੇ; ਜੂਐ ਹਾਰਿਆ = ਜੂਏ ਵਿਚ ਹਾਰਿਆ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਜਿਨਾਂ ਨੇ ਸਚ ਭਾਵ ਪ੍ਰਭੂ ਨੂੰ (ਨਾਮ ਨੂੰ) ਛਡਿਆ ਹੈ ਅਤੇ ਕੂੜ (ਮਾਇਆ) ਵਿਚ ਲਗੇ ਰਹਿੰਦੇ ਹਨ, ਉਹਨਾਂ ਨੇ ਆਪਣਾ ਜਨਮ ਜੂਏ ਵਿਚ ਹਾਰ ਲਿਆ ਹੈ। |
| ਸਾਰੰਸ਼ ਅਤੇ ਤੱਤਸਾਰ: ਅਜ ਦੇ ਸਮੇਂ ਵਿਚ ਧਾਰਮਕ ਲੋਕ ਇਸ ਕਰਕੇ ਬਦਨਾਮ ਹਨ ਕਿਉਂਕਿ ਉਹ ਬਾਹਰੋਂ ਤਾਂ ਧਾਰਮਕ ਪਹਿਰਾਵਾ ਪਾ ਕੇ ਧਾਰਮਕ ਦਿਖ ਵਾਲੇ ਬਣ ਜਾਂਦੇ ਹਨ ਪਰ ਦਿਲੋਂ ਉਹ ਧਾਰਮਕ ਨਹੀਂ ਹੋਏ ਹੁੰਦੇ। ਅੰਦਰੋਂ ਉਹ ਕਾਮ, ਕ੍ਰੋਧ ਅਤੇ ਹੋਰ ਬਿਕਾਰਾਂ ਦੇ ਗੁਲਾਮ ਬਣੇ ਰਹਿੰਦੇ ਹਨ ਜਿਸ ਕਰਕੇ ਉਹ ਅਜਿਹੇ ਕਰਮ ਕਰ ਜਾਂਦੇ ਹਨ ਜਿਨਾਂ ਨੂੰ ਦੇਖ ਕੇ ਉਹਨਾਂ ਦਾ ਧਰਮ ਬਦਨਾਮ ਹੋ ਜਾਂਦਾ ਹੈ। ਜਦੋਂ ਆਮ ਲੋਕ ਉਹਨਾਂ ਦੀਆਂ ਕਰਤੂਤਾਂ ਦੇਖਦੇ ਹਨ ਤਾਂ ਉਹ ਸਮਝਦੇ ਹਨ ਕਿ ਧਰਮ ਵਿਚ ਹੀ ਨੁਕਸ ਹੈ ਜਦਕਿ ਨੁਕਸ ਤਾਂ ਉਸ ਪਖੰਡੀ ਵਿਚ ਹੈ ਜੋ ਬਾਹਰੋਂ ਧਾਰਮਕ ਤਾਂ ਬਣ ਗਿਆ ਪਰ ਅੰਦਰੋਂ ਪਾਪ ਕਰਨ ਤੋ ਸੰਕੋਚ ਨਹੀਂ ਕਰਦਾ ਅਤੇ ਆਪਣੇ ਅੰਦਰ ਨੂੰ ਨਿਰਮਲ ਕਰਨ ਲਈ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਪਰਵਿਰਤ ਨਹੀਂ ਹੁੰਦਾ। | | | |
| ਜੀਅਹੁ ਨਿਰਮਲ, ਬਾਹਰਹੁ ਨਿਰਮਲ ॥ | ਜੀਅਹੁੰ, ਬਾਹਰਹੁੰ | ਜੀਅਹੁ = ਜੀਅ ਕਰਕੇ, ਮਨ ਕਰਕੇ; ਬਾਹਰਹੁ = ਬਾਹਰੋਂ, ਸਰੀਰ ਕਰਕੇ; ਨਿਰਮਲ = ਨਿਰ+ਮਲ=ਮੈਲ ਤੋਂ ਰਹਿਤ, ਪਵਿਤ੍ਰ। | (ਕਈ) ਦਿਲੋਂ (ਜੀਅਹੁ) ਵੀ ਨਿਰਮਲ ਹਨ ਅਤੇ ਬਾਹਰੋਂ ਵੀ ਨਿਰਮਲ ਹਨ ਭਾਵ ਅੰਦਰੋਂ ਅਤੇ ਬਾਹਰੋਂ ਧਰਮੀ ਹਨ। |
| ਬਾਹਰਹੁ ਤ ਨਿਰਮਲ, ਜੀਅਹੁ ਨਿਰਮਲ, ਸਤਿਗੁਰ ਤੇ ਕਰਣੀ ਕਮਾਣੀ ॥ | ਜੀਅਹੁੰ, ਬਾਹਰਹੁੰ | ਜੀਅਹੁ = ਜੀਅ ਕਰਕੇ, ਮਨ ਕਰਕੇ; ਬਾਹਰਹੁ = ਬਾਹਰੋਂ, ਸਰੀਰ ਕਰਕੇ; ਨਿਰਮਲ = ਨਿਰ+ਮਲ=ਮੈਲ ਤੋਂ ਰਹਿਤ, ਪਵਿਤ੍ਰ; ਕਰਣੀ = ਕਰਣ ਦੀ ਕਿਰਿਆ; ਕਮਾਣੀ = ਕਮਾਈ। | ਬਾਹਰੋਂ ਨਿਰਮਲ ਅਤੇ ਅੰਦਰੋਂ (ਦਿਲੋਂ) ਵੀ ਨਿਰਮਲ (ਇਸ ਕਰਕੇ ਹਨ ਕਿਉਂਕਿ ਉਹਨਾਂ ਨੇ) ਸਤਿਗੁਰੂ ਰਾਹੀਂ ਕਰਣੀ ਕਮਾਈ ਹੈ ਭਾਵ ਸਤਿਗੁਰਾਂ ਦੇ ਹੁਕਮ ਮੰਨ ਕੇ ਕਰਮ ਕੀਤੇ ਹਨ।<br><br>ਇਸ ਪੰਕਤੀ ਤੋਂ ਪਤਾ ਲਗਦਾ ਹੈ ਕਿ ਅੰਦਰੋਂ ਬਾਹਰੋਂ ਨਿਰਮਲ ਹੋਣ ਦਾ ਤਰੀਕਾ ਹੈ ਕਿ ਸਤਿਗੁਰੂ ਤੋਂ ਕਰਣੀ ਕਮਾਉਣੀ ਸਿੱਖੇ। |
| ਕੂੜ ਕੀ ਸੋਇ ਪਹੁਚੈ ਨਾਹੀ, ਮਨਸਾ ਸਚਿ ਸਮਾਣੀ ॥ | ਪਹੁੰਚੈ, ਨਾਹੀਂ, ਮਨਸ਼ਾ | ਕੂੜ = ਝੂਠ, ਮਾਇਆ; ਸੋਇ = ਖਬਰ; ਮਨਸਾ = ਇੱਛਾ; ਸਚਿ = ਸਚ ਵਿਚ; ਸਮਾਣੀ = ਸਮਾਉਣ ਦੀ। | (ਨਿਰਮਲ ਉਹ ਹਨ ਜਿਨਾਂ ਤਾਂਈਂ) ਕੂੜ ਦੀ ਖਬਰ ਵੀ ਨਹੀਂ ਪਹੁੰਚਦੀ ਅਤੇ ਉਹਨਾਂ ਦੀ ਮਨਸ਼ਾ ਕੇਵਲ ਸਚ (ਭਾਵ ਨਾਮ ਵਿਚ) ਵਿਚ ਸਮਾਏ ਰਹਿਣ ਦੀ ਹੁੰਦੀ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਜਨਮੁ ਰਤਨੁ ਜਿਨੀ ਖਟਿਆ, ਭਲੇ ਸੇ ਵਣਜਾਰੇ ॥ | ਜਿਨੀਂ | ਰਤਨੁ = ਕੀਮਤੀ ਪੱਥਰ ਜਿਵੇਂ ਕਿ ਹੀਰਾ ਆਦਿ; ਜਿਨੀ = ਜਿਨਾਂ ਨੇ; ਖਟਿਆ = ਹਾਸਲ ਕੀਤਾ; ਭਲੇ = ਚੰਗੇ; ਸੇ = ਉਹ; ਵਣਜਾਰੇ = ਵਪਾਰੀ, ਗੁਰਮਖਿ ਜਨ ਜੋ ਸਚ ਦਾ ਵਾਪਾਰ ਕਰਦੇ ਹਨ। | ਜਿਨਾਂ ਨੇ ਰਤਨ ਜਨਮ ਖਟਿਆ ਹੈ ਭਾਵ ਜਿਸ ਕੰਮ ਲਈ ਇਹ ਮਨੁੱਖਾ ਜਨਮ ਮਿਲਿਆ ਹੈ, ਉਹ ਲਾਹਾ ਖਟਿਆ ਹੈ, ਉਹ ਵਣਜਾਰੇ (ਵਾਪਾਰੀ) ਭਲੇ ਹਨ।<br><br>ਜੋ ਮਾਇਆ ਵਿਚ ਖੁਭੇ ਰਹਿੰਦੇ ਹਨ ਉਹ ਜਨਮ ਗਵਾ ਲੈਂਦੇ ਹਨ ਪਰ ਜੋ ਮਨੁੱਖਾ ਜਨਮ ਦੇ ਸਚੇ ਸੁਚੇ ਨਾਮ ਰੁਪੀ ਲਾਹੇ ਨੂੰ ਇਕੱਤਰ ਕਰਕੇ ਜਾਂਦੇ ਹਨ ਉਹ ਅਸਲ ਵਿਚ ਜਨਮ ਰਤਨ ਖੱਟ ਲੈਂਦੇ ਹਨ ਜਿਸ ਕਰਕੇ ਉਹ ਭਲੇ ਵਾਪਾਰੀ ਹਨ। |
| ਕਹੈ ਨਾਨਕੁ, ਜਿਨ ਮੰਨੁ ਨਿਰਮਲੁ, ਸਦਾ ਰਹਹਿ, ਗੁਰ ਨਾਲੇ ॥੨੦॥ | ਰਹਹਿੰ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਨਿਰਮਲ = ਮੈਲ ਤੋਂ ਰਹਿਤ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਜਿਨਾਂ ਦਾ ਮਨ ਨਿਰਮਲ ਹੁੰਦਾ ਹੈ ਉਹ ਸਦਾ ਗੁਰੂ ਸੰਗਿ ਰਹਿੰਦੇ ਹਨ।<br><br>ਗੁਰੂ ਨਾਲ ਰਹਿਣ ਦਾ ਮਤਲਬ ਹੈ ਗੁਰਮਤਿ ਧਾਰਨ ਕਰਨੀ ਅਤੇ ਗੁਰਮਤਿ ਅਨੁਸਾਰ ਨਾਮ ਸਿਮਰਨ ਵਿਚ ਲਗੇ ਰਹਿਣਾ। |
| ਸਾਰੰਸ਼ ਅਤੇ ਤੱਤਸਾਰ: ਉਨੀਵੀਂ ਪਉੜੀ ਦੇ ਮੁਕਾਬਲੇ ਵਿਚ ਇਹ ਵੀਹਵੀਂ ਪਉੜੀ ਉਹਨਾਂ ਗੁਰਮੁਖਾਂ ਬਾਰੇ ਹੈ ਜੋ ਅੰਦਰੋਂ ਅਤੇ ਬਾਹਰੋਂ ਗੁਰਮਤਿ ਧਾਰਨ ਕਰਕੇ ਨਿਰਮਲ ਹੋ ਜਾਂਦੇ ਹਨ। ਉਹਨਾਂ ਦੇ ਲਛਣ ਦਸੇ ਹਨ ਕਿ ਉਹ ਅੰਦਰੋਂ ਬਾਹਰੋਂ ਨਿਰਮਲ ਕਿਵੇਂ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਆਪਣੀ ਕਰਣੀ ਸਤਿਗੁਰ ਮੁਤਾਬਕ ਕਰਦੇ ਹਨ ਭਾਵ ਉਹ ਜੋ ਵੀ ਕਰਮ ਕਰਦੇ ਹਨ, ਗੁਰਮਤਿ ਅਨੁਸਾਰ ਹੀ ਕਰਦੇ ਹਨ। ਗੁਰਮਤਿ ਤੋਂ ਬਾਹਰ ਉਹ ਕੁਝ ਨਹੀਂ ਕਰਦੇ। ਸਦਾ ਨਿਰਮਲ ਰਹਿਣ ਵਾਲੇ ਗੁਰਮੁਖਿ ਜਨਾਂ ਤਾਂਈਂ ਕਦੇ ਕੂੜ ਦੀ ਸੋਇ ਭਾਵ ਮਾਇਆ ਦਾ ਤਨਿਕ ਮਾਤਰ ਵੀ ਪ੍ਰਭਾਵ ਉਹਨਾਂ ਤੇ ਨਹੀਂ ਪੈਂਦਾ। ਉਹ ਕਦੇ ਮਾਇਆ ਦੇ ਅਗਰਕਾਂ (ਏਜੰਟਾਂ) - ਪੰਜ ਬਿਕਾਰਾਂ ਅਤੇ ਹੋਰ ਅਵਗੁਣਾਂ ਤੋਂ ਬਚੇ ਰਹਿੰਦੇ ਹਨ। ਉਹਨਾਂ ਦੀ ਮਨਸ਼ਾ ਸਦਾ ਇਹੋ ਹੁੰਦੀ ਹੈ ਕਿ ਉਹ ਸਚ ਵਿਚ ਭਾਵ ਸਚੇ ਨਾਮ ਵਿਚ ਅਤੇ ਸਿਫਤਿ ਸਾਲਾਹ ਰੂਪੀ ਗੁਰਬਾਣੀ ਵਿਚ ਸਮਾਏ ਰਹਿਣ। ਇਹ ਹੈ ਗੁਰੂ ਘਰ ਦੇ ਗੁਰਮੁਖਾਂ ਜਨਾਂ ਦੀ ਗਤਿ ਕਿ ਉਹ ਅੰਦਰੋਂ ਅਤੇ ਬਾਹਰੋਂ ਨਿਰਮਲ ਹੁੰਦੇ ਹਨ। | | | |
| ਜੇ ਕੋ ਸਿਖੁ, ਗੁਰੂ ਸੇਤੀ, ਸਨਮੁਖੁ ਹੋਵੈ ॥ | | ਜੇ ਕੋ ਸਿਖੁ = ਜੇਕਰ ਕੋਈ ਸਿਖ; ਗੁਰੂ ਸੇਤੀ = ਗੁਰੂ ਨਾਲ, ਗੁਰੂ ਵਲ; ਸਨਮੁਖੁ = ਜਿਸਦਾ ਮੁੱਖ ਗੁਰੂ ਵਲ ਹੋਵੇ ਭਾਵ ਜੋ ਗੁਰੂ ਜੀ ਦੀ ਆਗਿਆ ਵਿਚ ਚਲਣਵਾਲਾ ਸਚਿਆਰ ਸਿਖ ਹੋਵੇ। | ਜੇਕਰ ਕੋਈ ਸਿਖ ਹੋਵੇ ਤਾਂ ਉਹ ਗੁਰੂ ਨਾਲ ਸਨਮੁਖ ਹੋਵੇ ਭਾਵ ਗੁਰੂ ਜੀ ਦੀ ਆਗਿਆ ਵਿਚ ਚਲੇ। |
| ਹੋਵੈ ਤ ਸਨਮੁਖੁ, ਸਿਖੁ ਕੋਈ, ਜੀਅਹੁ ਰਹੈ ਗੁਰ ਨਾਲੇ ॥ | ਜੀਅਹੁੰ | ਸਨਮੁਖੁ = ਜਿਸਦਾ ਮੁੱਖ ਗੁਰੂ ਵਲ ਹੋਵੇ ਭਾਵ ਜੋ ਗੁਰੂ ਜੀ ਦੀ ਆਗਿਆ ਵਿਚ ਚਲਣਵਾਲਾ ਸਚਿਆਰ ਸਿਖ ਹੋਵੇ; ਜੀਅਹੁ = ਦਿਲੋਂ। | ਜੇਕਰ ਕੋਈ ਸਿਖ (ਅਖਵਾਉਂਦਾ ਹੋਵੇ) ਉਹ ਸਨਮੁਖ ਹੋਵੇ (ਗੁਰੂ ਕੀ ਆਗਿਆ ਵਿਚ ਰਹੇ ਅਤੇ) ਜੀਓਂ ਭਾਵ ਦਿਲੋਂ ਗੁਰੂ ਦੇ ਨਾਲ ਰਹੇ।<br><br>'ਜੀਅਹੁ ਰਹੈ ਗੁਰ ਨਾਲੇ' ਦਾ ਭਾਵ ਇਹੋ ਹੈ ਕਿ ਦਿਲੋਂ ਗੁਰੂ ਜੀ ਨਾਲ ਹਿੱਤ ਰਖੇ ਅਤੇ ਵਫਾਦਾਰ ਹੋਵੇ। |
| ਗੁਰ ਕੇ ਚਰਨ ਹਿਰਦੈ ਧਿਆਏ, ਅੰਤਰ ਆਤਮੈ ਸਮਾਲੇ ॥ | | ਗੁਰ ਕੇ ਚਰਨ = ਗੁਰੂ ਕਾ ਸ਼ਬਦ; ਹਿਰਦੈ = ਹਿਰਦੇ ਵਿਚ, ਹਿਰਦੇ ਕਰਕੇ; ਅੰਤਰ ਆਤਮੈ = ਆਤਮਾ ਕਰਕੇ; ਸਮਾਲੇ = ਸੰਭਾਲ ਕਰੇ ਭਾਵ ਗੁਰਸ਼ਬਦ ਨੂੰ ਅੰਦਰ ਧਾਰਨ ਕਰੇ। | ਗੁਰੂ ਕੇ ਚਰਨ, ਹਿਰਦੇ ਵਿਖੇ ਧਿਆਵੇ, ਅਤੇ ਇਸ ਤਰ੍ਹਾਂ ਅੰਤਰ-ਆਤਮਾ ਕਰਕੇ (ਗੁਰਸ਼ਬਦ ਨੂੰ) ਸੰਭਾਲ ਕੇ ਰੱਖੇ।<br><br>ਆਤਮਾ ਕਰਕੇ ਸੰਮਾਲਣ ਦਾ ਭਾਵ ਇਹੋ ਹੈ ਕਿ ਮਨ ਕਰਕੇ ਨਾਮ ਸਿਮਰਨ ਕਰੇ। ਗੁਰ ਕੇ ਚਰਨਾਂ ਦਾ ਇਥੇ ਭਾਵ ਗੁਰੂ ਕੇ ਸ਼ਬਦ ਦਾ ਹੈ। ਹੋਰ ਹੱਡ ਚੰਮ ਦੇ ਚਰਨਾਂ ਨੂੰ ਹਿਰਦੇ ਵਿਚ ਧਿਆਉਣ ਦਾ ਵਿਧਾਨ ਗੁਰਮਤਿ ਵਿਚ ਨਹੀਂ ਹੈ। ਗੁਰੂ ਕੇ ਚਰਨ ਕੀ ਹਨ ਸੋ ਇਸ ਪੰਕਤੀ ਤੋਂ ਭਲੀ ਭਾਂਤਿ ਸਿਧ ਹੋ ਜਾਂਦਾ ਹੈ: ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ ਜੋ ਸ਼ਬਦੁ ਸਤਿਗੁਰ ਕੋ ਹੈ, ਸੋਈ ਚਰਣ ਹਨ। ਹਿਰਦੇ ਵਿਚ ਸਤਿਗੁਰੂ ਦਾ ਸ਼ਬਦ ਬਸਾਉਣਾ ਹਿਰਦੇ ਵਿਚ ਗੁਰੂ ਕੇ ਚਰਨ ਵਸਾਉਣੇ ਹਨ। |
| ਆਪੁ ਛਡਿ, ਸਦਾ ਰਹੈ ਪਰਣੈ, ਗੁਰ ਬਿਨੁ, ਅਵਰੁ ਨ ਜਾਣੈ ਕੋਏ॥ | | ਆਪੁ ਛਡਿ = ਆਪਾ ਛੱਡ ਕੇ, ਹਉਮੈ ਤੱਜ ਕੇ; ਪਰਣੈ = ਗੁਰੂ ਦੇ ਪ੍ਰਾਇਣ ਰਹਿਣਾ, ਗੁਰੂ ਦੇ ਜ਼ੋਰ ਤੇ ਰਹਿਣਾ, ਗੁਰੂ ਦੇ ਆਸਰੇ ਰਹਿਣਾ। | (ਸਨਮੁਖ ਉਹ ਹੈ ਜੋ) ਆਪਾ (ਹਉਮੈ) ਛੱਡ ਕੇ ਭਾਵ ਆਪਣਾ ਜ਼ੋਰ ਛੱਡ ਕੇ, ਸਦਾ ਗੁਰੂ ਦੇ ਜ਼ੋਰ ਤੇ ਰਹੇ ਭਾਵ ਗੁਰੂ ਦੇ ਆਸਰੇ ਰਹੇ; ਗੁਰੂ ਬਿਨਾਂ ਹੋਰ ਕਿਸੇ ਨੂੰ ਨਾ ਮੰਨੇ।<br><br>ਸਨਮੁਖ ਉਹ ਹੈ ਜੋ ਗੁਰੂ ਬਿਨਾ ਹੋਰ ਕਿਸੇ ਨੂੰ ਨਾ ਮੰਨੇ। |
| ਕਹੈ ਨਾਨਕੁ, ਸੁਣਹੁ ਸੰਤਹੁ, ਸੋ ਸਿਖੁ, ਸਨਮੁਖੁ ਹੋਏ ॥੨੧॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਨਮੁਖੁ = ਜਿਸਦਾ ਮੁੱਖ ਗੁਰੂ ਵਲ ਹੋਵੇ ਭਾਵ ਜੋ ਗੁਰੂ ਜੀ ਦੀ ਆਗਿਆ ਵਿਚ ਚਲਣਵਾਲਾ ਸਚਿਆਰ ਸਿਖ ਹੋਵੇ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਹੇ ਸੰਤੋ ਸੁਣੋ, ਸਿਖ ਉਹ ਹੈ, ਜੋ (ਉਪਰ ਦਸੇ ਅਨੁਸਾਰ ਗੁਰੂ ਜੀ ਦੇ) ਸਨਮੁਖ ਹੋਵੇ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਾਰੰਸ਼ ਅਤੇ ਤੱਤਸਾਰ: ਸਨਮੁਖ ਸਿਖ ਦੀ ਪਹਿਲੀ ਨਿਸ਼ਾਨੀ ਹੈ ਕਿ ਉਹ ਦਿਲੋਂ ਗੁਰੂ ਦਾ ਵਫਾਦਾਰ ਅਤੇ ਆਗਿਆਕਾਰ ਹੋਵੇ। ਗੁਰੂ ਕੇ ਸ਼ਬਦ ਰੂਪੀ ਚਰਨ ਉਹ ਅੰਦਰ ਹਿਰਦੇ ਵਿਖੇ ਸੰਮਾਲੇ ਭਾਵ ਹਿਰਦੇ ਕਰਕੇ ਗੁਰਮਤਿ ਨਾਮ ਅਭਿਆਸ ਕਰੇ। ਅਕਸਰ ਗੁਰੂ ਕੇ ਚਰਨਾਂ ਬਾਰੇ ਕਈ ਗਲਤ ਬਿਆਨੀਆਂ ਕੀਤੀਆਂ ਜਾਂਦੀਆਂ ਹਨ ਪਰ ਇਸ ਪੰਕਤੀ ਤੋਂ ਸਿਧ ਹੋ ਜਾਂਦਾ ਹੈ ਕਿ ਗੁਰੂ ਕਾ ਸ਼ਬਦ ਹੀ ਗੁਰੂ ਕੇ ਚਰਨ ਹਨ ਅਤੇ ਗੁਰੂ ਕੇ ਸ਼ਬਦ ਦਾ ਹਿਰਦੇ ਵਿਚ ਜਾਪ ਕਰਨਾ ਗੁਰੂ ਕੇ ਚਰਨਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਹੈ: ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ ਜੇਕਰ ਹੱਡ ਚੰਮ ਦੇ ਚਰਨਾਂ ਤੇ ਧਿਆਨ ਲਾਉਣ ਦਾ ਵਿਧਾਨ ਗੁਰਮਤਿ ਵਿਚ ਹੁੰਦਾ ਤਾਂ ਹੁਣ ਤੱਕ ਦੇਹਧਾਰੀ ਗੁਰੂ ਹੋਣੇ ਸਨ ਅਤੇ ਨਾ ਹੋਣ ਦੀ ਸੂਰਤ ਵਿਚ ਦਸ ਗੁਰੂ ਸਾਹਿਬਾਨ ਦੇ ਚਰਨਾਂ ਦੀ ਤਸਵੀਰ ਹੁੰਦੀ ਤਾਂ ਜੋ ਭਵਿਖ ਵਾਲੇ ਸਿਖ ਉਹਨਾਂ ਚਰਨਾਂ ਦਾ ਧਿਆਨ ਧਾਰ ਸਕਣ ਪਰ ਅਜਿਹਾ ਨਹੀਂ ਹੈ। ਹੁਣ ਦੇ ਜ਼ਮਾਨੇ ਵਿਚ ਸਾਡੇ ਗੁਰਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਉਹਨਾਂ ਦੇ ਇਨਸਾਨੀ ਚਰਨ ਤਾਂ ਹੈ ਹੀ ਨਹੀਂ ਕਿਉਂਕਿ ਉਹ ਤਾਂ ਸ਼ਬਦ ਅਵਤਾਰ ਹਨ। ਫੇਰ ਗੁਰੂ ਕੇ ਚਰਨ ਧਿਆਉਣ ਦਾ ਵਿਧਾਨ ਅਜ ਦੇ ਸਿਖ ਕਿਵੇਂ ਪੂਰਾ ਕਰ ਸਕਦੇ ਹਨ? ਸੋ ਉਪਰ ਦਿਤੀ ਪੰਕਤੀ ਅਨੁਸਾਰ, ਗੁਰੂ ਕਾ ਸ਼ਬਦ ਹੀ ਗੁਰੂ ਕੇ ਚਰਨ ਹਨ। | | | |
| ਜੇ ਕੋ, ਗੁਰ ਤੇ ਵੇਮੁਖੁ ਹੋਵੈ, ਬਿਨੁ ਸਤਿਗੁਰ, ਮੁਕਤਿ ਨ ਪਾਵੈ ॥ | | ਜੇ ਕੋ = ਜੇ ਕੋਈ; ਵੇਮੁਖੁ = ਵਿਮੁਖ, ਵਿਰੋਧੀ ਮੁਖ ਵਾਲਾ, ਉਹ ਸ਼ਖਸ ਜੋ ਕਦੇ ਸਿਖ ਸੀ ਪਰ ਹੁਣ ਸਿਖੀ ਵਲੋਂ ਆਕੀ ਹੋ ਗਿਆ ਹੋਵੇ; ਮੁਕਤਿ = ਮੁਕਤੀ। | ਜੇਕਰ ਕੋਈ, ਗੁਰੂ ਤੋਂ ਵੇਮੁਖ ਭਾਵ ਆਕੀ ਹੋ ਜਾਵੇ, ਉਹ ਸਤਿਗੁਰੂ ਤੋਂ ਬਿਨਾ ਮੁਕਤੀ ਨਹੀਂ ਪਾ ਸਕਦਾ। |
| ਪਾਵੈ ਮੁਕਤਿ ਨ ਹੋਰ ਥੈ ਕੋਈ, ਪੁਛਹੁ ਬਿਬੇਕੀਆ ਜਾਏ ॥ | ਥੈਂ, ਬਿਬੇਕੀਆਂ | ਮਕਤਿ = ਮੁਕਤੀ; ਥੈ = ਥੈਂ, ਥਾਂ; ਬਿਬੇਕੀਆ = ਬਿਬੇਕੀਆਂ ਤੋਂ, ਸਿਆਣਿਆਂ ਗੁਰਸਿਖਾਂ ਤੋਂ। | (ਸਤਿਗੁਰੂ ਤੋਂ ਬਿਨਾ ਉਹ ਵੇਮੁਖ) ਹੋਰ ਕਿਸੇ ਥਾਂ ਤੋਂ ਮੁਕਤੀ ਨਹੀਂ ਪਾ ਸਕਦਾ, (ਬੇਸ਼ਕ) ਜਾ ਕੇ ਸਿਆਣਿਆਂ (ਗਿਆਨੀਆਂ) (ਭਾਵ ਪਹੁੰਚੇ ਹੋਏ ਗੁਰਸਿਖਾਂ) ਤੋਂ ਪੁੱਛ ਲਓ। |
| ਅਨੇਕ ਜੂਨੀ ਭਰਮਿ ਆਵੈ, ਵਿਣੁ ਸਤਿਗੁਰ, ਮੁਕਤਿ ਨ ਪਾਏ ॥ | ਜੂਨੀਂ | ਜੂਨੀ = ਜੂਨੀਆਂ; ਭਰਮਿ = ਭਰਮ ਕੇ, ਭਟਕ ਕੇ; ਵਿਣੁ ਸਤਿਗੁਰ = ਸਤਿਗੁਰ ਤੋਂ ਬਿਨਾ; ਮੁਕਤਿ = ਮੁਕਤੀ। | (ਵੇਮੁਖ) ਅਨੇਕਾਂ ਜੂਨੀਆਂ ਵਿਚ ਭਟਕ ਕੇ ਆ ਜਾਵੇ (ਫੇਰ ਵੀ) ਸਤਿਗੁਰੂ ਤੋਂ ਬਿਨਾ ਮੁਕਤੀ ਨਹੀਂ ਪਾ ਸਕਦਾ। |
| ਫਿਰਿ, ਮੁਕਤਿ ਪਾਏ, ਲਾਗਿ ਚਰਣੀ, ਸਤਿਗੁਰੂ ਸਬਦੁ ਸੁਣਾਏ ॥ | ਸ਼ਬਦ, ਚਰਣੀਂ | ਮੁਕਤਿ = ਮੁਕਤੀ; ਲਾਗਿ ਚਰਣੀ = ਚਰਣਾਂ ਨਾਲ ਲਗ ਕੇ। | (ਵੇਮੁਖ) ਮੁਕਤੀ ਪਾਉਂਦਾ ਹੈ, ਫੇਰ (ਦੁਬਾਰਾ ਗੁਰੂ ਕੇ) ਚਰਣਾਂ ਨਾਲ ਲਗ ਕੇ, (ਅਤੇ ਜੇਕਰ ਕਿਰਪਾ ਕਰਕੇ) ਸਤਿਗੁਰੂ ਸ਼ਬਦ ਸੁਣਾ ਦੇਵੇ ਭਾਵ ਦੁਬਾਰਾ ਗੁਰਦੀਖਿਅਤ ਕਰ ਦੇਵੇ।<br><br>'ਫਿਰਿ' ਦਾ ਸੰਬੰਧ 'ਮੁਕਤਿ ਪਾਏ' ਨਾਲ ਨਹੀਂ ਹੈ ਬਲਕਿ 'ਲਾਗਿ ਚਰਣੀ' ਨਾਲ ਹੈ ਅਤੇ 'ਸਤਿਗੁਰੂ ਸਬਦੁ ਸੁਣਾਏ' ਨਾਲ ਹੈ। ਭਾਵ ਹੈ ਕਿ ਜਦੋਂ ਵੇਮੁਖ ਦੁਬਾਰਾ (ਫਿਰਿ) ਗੁਰ ਚਰਣੀ ਲਗਦਾ ਹੈ ਅਤੇ ਸਤਿਗੁਰੂ ਦੁਬਾਰਾ ਗੁਰਦੀਖਿਅਤ ਕਰਦੇ ਹਨ ਤਾਂ ਜਾ ਕੇ ਵੇਮੁਖ ਨੂੰ ਮੁਕਤੀ ਮਿਲਦੀ ਹੈ। |
| ਕਹੈ ਨਾਨਕੁ, ਵੀਚਾਰਿ ਦੇਖਹੁ, ਵਿਣੁ ਸਤਿਗੁਰ, ਮੁਕਤਿ ਨ ਪਾਏ ॥੨੨॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਵੀਚਾਰਿ ਦੇਖਹੁ = ਵਿਚਾਰ ਕੇ ਦੇਖ ਲਓ; ਮੁਕਤਿ = ਮੁਕਤੀ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਵਿਚਾਰ ਕੇ ਦੇਖ ਲਓ, ਸਤਿਗੁਰੂ ਤੋਂ ਬਿਨਾ, (ਵੇਮੁਖ) ਮੁਕਤੀ ਨਹੀਂ ਪਾ ਸਕਦਾ। |
| ਸਾਰੰਸ਼ ਅਤੇ ਤੱਤਸਾਰ: ਪਿਛਲੀ ਪਉੜੀ ਵਿਚ ਸਨਮੁਖ ਦੀ ਵਿਆਖਿਆ ਸੀ ਅਤੇ ਇਸ ਪਉੜੀ ਵਿਚ ਹਜ਼ੂਰ ਵਲੋਂ ਸਨਮੁਖ ਦੇ ਉਲਟ ਦਸ਼ਾ ਵਾਲੇ ਮਨੁੱਖ - ਵੇਮੁਖ ਦੀ ਪਰਿਭਾਸ਼ਾ ਅਤੇ ਹਾਲਤ ਬਿਆਨ ਕੀਤੀ ਗਈ ਹੈ। ਗੁਰੂ ਜੀ ਨੇ ਸਪਸ਼ਟ ਦਸਿਆ ਹੈ ਕਿ ਵੇਮੁਖ ਕਦੇ ਵੀ ਸਤਿਗੁਰੂ ਤੋਂ ਆਕੀ ਹੋ ਕੇ ਮੁਕਤੀ ਨਹੀਂ ਪ੍ਰਾਪਤ ਕਰ ਸਕਦਾ ਭਾਂਵੇਂ ਉਹ ਜਿਥੇ ਮਰਜ਼ੀ ਚਲਿਆ ਜਾਵੇ ਅਤੇ ਜਿੰਨੀਆਂ ਮਰਜ਼ੀ ਜੂਨੀਆਂ ਭੁਗਤ ਆਵੇ। ਮੁਕਤੀ ਉਦੋਂ ਮਿਲੇਗੀ ਜਦੋਂ ਦੁਬਾਰਾ ਵੇਮੁਖ ਸ਼ਖਸ, ਗੁਰੂ ਦੇ ਚਰਣੀ ਲਗ ਕੇ ਸਤਿਗੁਰੂ ਪਾਸੋਂ ਗੁਰਦੀਖਿਅਤ ਹੋਵੇਗਾ। ਅਜਕਲ ਦੇ ਜ਼ਮਾਨੇ ਵਿਚ ਚਾਰ ਬੱਜਰ ਕੁਰਹਿਤਾਂ - ਕੇਸ ਕਟਣੇ, ਪਰ-ਇਸਤ੍ਰੀ ਜਾਂ ਪਰ-ਪੁਰਖ ਨਾਲ ਸੰਗ ਕਰਨਾ, ਤੰਬਾਕੂ ਆਦਿ ਨਸ਼ੇ ਸੇਵਨ ਕਰਨੇ ਅਤੇ ਕੁੱਠਾ ਖਾਣ ਨਾਲ ਸਿਖ ਪਤਿਤ ਹੋ ਜਾਂਦਾ ਹੈ ਅਤੇ ਉਸਨੂੰ ਦੁਬਾਰਾ ਸਿਖੀ ਵਿਚ ਸਾਵਧਾਨ ਹੋਣ ਲਈ ਪੰਜ ਪਿਆਰਿਆਂ ਪਾਸ ਅੰਮ੍ਰਿਤ ਛਕ ਕੇ ਸਨਮੁਖ ਸਿਖ ਬਨਣਾ ਪੈਂਦਾ ਹੈ। ਇਸ ਪਉੜੀ ਦੀ ਚੌਥੀ ਪੰਕਤੀ ਸਪਸ਼ਟ ਕਰਦੀ ਹੈ ਕਿ ਵੇਮੁਖ ਨੂੰ ਸਤਿਗੁਰਾਂ ਦੇ ਚਰਣੀ ਲਗਣਾ ਚਾਹੀਦਾ ਹੈ ਅਤੇ ਸਤਿਗੁਰੂ ਫੇਰ 'ਸਬਦੁ ਸੁਣਾਏ' ਭਾਵ ਦੁਬਾਰਾ ਗੁਰਦੀਖਿਅਤ ਕਰੇ। ਇਸ ਪੰਕਤੀ ਤੋ ਸੇਧ ਮਿਲਦੀ ਹੈ ਕਿ ਨਾ ਕੇਵਰ ਚਾਰ ਬੱਜਰ ਕੁਰਹਿਤਾਂ ਵਾਲਾ ਪਤਿਤ ਕਰਮੀ ਹੀ ਬਲਕਿ ਗੁਰੂ ਤੋਂ ਵੇਮੁਖ ਹੋਣਵਾਲੇ ਨੂੰ ਵੀ ਦੁਬਾਰਾ ਗੁਰਦੀਖਿਅਤ ਕਰਨਾ ਭਾਵ ਦੁਬਾਰਾ ਅੰਮ੍ਰਿਤ ਛਕਾਉਣਾ ਚਾਹੀਦਾ ਹੈ। ਸੋਚਣ ਵਾਲੀ ਗੱਲ ਹੈ ਕਿ ਜੇਕਰ ਨਵੇਂ ਅਭਿਲਾਖੀ ਨੂੰ ਨਾਮ ਦ੍ਰਿੜਾਉਣ ਤੋਂ ਪਹਿਲਾਂ ਪਵਿਤਰ ਕਰਨ ਲਈ ਅੰਮ੍ਰਿਤ ਛਕਾਇਆ ਜਾਂਦਾ ਹੈ ਤਾਂ ਵੇਮੁਖ ਹੋਏ ਇਨਸਾਨ ਨੂੰ, ਜੋ ਕਿ ਆਮ ਨਿਗੁਰੇ ਵਿਅਕਤੀ ਨਾਲੋਂ ਵੀ ਜ਼ਿਆਦਾ ਗਲੀਜ਼ ਹੁੰਦਾ ਹੈ, ਨੂੰ ਤਾਂ ਜ਼ਰੂਰ ਹੀ ਦੁਬਾਰਾ ਅੰਮ੍ਰਿਤ ਛਕਾ ਕੇ ਦੁਬਾਰਾ ਨਾਮ ਦ੍ਰਿੜ੍ਹ ਕਰਾਉਣਾ ਚਾਹੀਦਾ ਹੈ। ਸੋ ਜੇਕਰ ਕੋਈ ਅੰਮ੍ਰਿਤਧਾਰੀ ਭਾਂਵੇਂ ਚਾਰ ਬੱਜਰ ਕੁਰਹਿਤਾਂ ਨਾ ਵੀ ਕਰੇ ਪਰ ਜੇਕਰ ਉਹ ਸਿਖੀ ਛੱਡ ਦਿੰਦਾ ਹੈ, ਕਕਾਰ ਲਾਹ ਦਿੰਦਾ ਹੈ, ਨਿਤਨੇਮ ਛੱਡ ਦਿੰਦਾ ਹੈ ਅਤੇ ਗੁਰੂ ਤੋਂ ਵਿਸ਼ਵਾਸ ਗਵਾ ਲੈਂਦਾ ਹੈ ਤਾਂ ਉਸਨੂੰ ਦੁਬਾਰਾ ਅੰਮ੍ਰਿਤ ਛਕਾਉਣਾ ਚਾਹੀਦਾ ਹੈ ਅਤੇ ਦਬਾਰਾ ਉਸਨੂੰ ਨਾਮ ਦ੍ਰਿੜ੍ਹ ਕਰਨਾ ਚਾਹੀਦਾ ਹੈ। ਵੇਮੁਖ ਵਿਅਕਤੀ ਨੂੰ ਨਾਮ ਦ੍ਰਿੜ੍ਹ ਨਹੀਂ ਰਹਿੰਦਾ। | | | |
| ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥ | | ਸਚੀ ਬਾਣੀ = ਗੁਰਬਾਣੀ ਜੋ ਸਚ ਦੀ ਵਿਚਾਰ ਕਰਦੀ ਹੈ। | ਆਵੋ ਸਤਿਗੁਰੂ ਕੇ ਪਿਆਰੇ ਸਿਖੋ! ਸਚੀ ਬਾਣੀ ਗਾਵੋ। |
| ਬਾਣੀ ਤ ਗਾਵਹੁ, ਗੁਰੂ ਕੇਰੀ, ਬਾਣੀਆ ਸਿਰਿ ਬਾਣੀ ॥ | ਬਾਣੀਆਂ | ਗੁਰੂ ਕੇਰੀ = ਗੁਰੂ ਦੀ; ਬਾਣੀਆ ਸਿਰਿ ਬਾਣੀ = ਬਾਣੀਆਂ ਦੇ ਸਿਰ ਤੇ ਬਾਣੀ, ਸਭ ਤੋਂ ਸ੍ਰੇਸ਼ਟ ਬਾਣੀ। | ਬਾਣੀ ਜੋ ਗਾਉਣੀ ਹੈ ਸੋ ਕੇਵਲ ਗੁਰੂ ਕੀ ਬਾਣੀ ਹੀ ਗਾਵੋ ਜੋ ਕਿ ਬਾਣੀਆਂ ਦੇ ਸਿਰ ਤੇ ਬਾਣੀ ਹੈ ਭਾਵ ਸਭ ਤੋਂ ਸ੍ਰੇਸ਼ਟ ਬਾਣੀ ਹੈ। |
| ਜਿਨ ਕਉ, ਨਦਰਿ ਕਰਮੁ ਹੋਵੈ, ਹਿਰਦੈ ਤਿਨਾ ਸਮਾਣੀ ॥ | ਤਿਨਾਂ | ਨਦਰਿ = ਨਜ਼ਰ; ਕਰਮੁ = ਮਿਹਰ; ਹਿਰਦੈ = ਹਿਰਦੇ ਵਿਚ; ਤਿਨਾ = ਉਹਨਾਂ ਦੇ; ਸਮਾਣੀ = ਸਮਾਉਂਦੀ ਹੈ, ਸਮਾਈ ਹੈ। | ਜਿਨਾਂ ਨੂੰ (ਪ੍ਰਭੂ ਦੀ ਮਿਹਰ ਦੀ) ਨਜ਼ਰ ਹੋਵੇ, ਜਿਨਾਂ ਤੇ (ਪ੍ਰਭੂ ਦਾ) ਕਰਮ (ਫਜ਼ਲ, ਕਿਰਪਾ) ਹੋਵੇ, ਉਹਨਾਂ ਦੇ ਹਿਰਦੇ ਵਿਚ ਇਹ ਬਾਣੀ ਸਮਾਉਂਦੀ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥ | ਸਾਰਿੰਗਪਾਣੀ | ਹਰਿ ਰੰਗਿ = ਹਰੀ ਦੇ ਰੰਗ ਵਿਚ; ਜਪਿਹੁ = ਜਪੋ; ਸਾਰਿਗਪਾਣੀ = ਸਾਰਿੰਗਪਾਣੀ, ਕਿਰਪਾਨ ਧਾਰਨ ਕਰਨਵਾਲਾ ਅਕਾਲ ਪੁਰਖ। | (ਬਾਣੀ ਗਾਉਣ ਦਾ ਸਦਕਾ) ਸਦਾ ਅੰਮ੍ਰਿਤ ਪੀਵੋ, ਸਦਾ ਹਰਿ ਰੰਗ ਵਿਚ ਰਹੋ ਅਤੇ ਸਾਰਿੰਗਪਾਣੀ ਪ੍ਰਭੂ ਨੂੰ ਜਪੋ।<br><br>ਹਜ਼ੂਰ ਨੇ ਬਾਣੀ ਗਾਉਣ ਦੇ ਤਿੰਨ ਫਲ ਦਸੇ ਹਨ - ਅੰਮ੍ਰਿਤ ਪੀਵੋ, ਹਰੀ ਦੇ ਰੰਗਾਂ ਵਿਚ ਰਹੋ ਅਤੇ ਪ੍ਰਭੂ ਨੂੰ ਜਪੋ। ਬਾਣੀ ਦਾ ਸੇਵਨਹਾਰਾ ਅਤੇ ਰਸੀਆ ਹੀ ਪ੍ਰਭੂ ਨੂੰ ਸਿਮਰ ਸਕਦਾ ਹੈ ਅਤੇ ਉਹੋ ਹੀ ਹਰੀ ਦੇ ਚਲੂਲੇ ਰੰਗਾਂ ਵਿਚ ਰਹਿੰਦਾ ਹੈ। ਜੋ ਗੁਰਬਾਣੀ ਦੇ ਰਸੀਏ ਨਹੀਂ ਹਨ, ਉਹ ਨਾਮ ਦੇ ਰਸੀਏ ਵੀ ਨਹੀਂ ਹੋ ਸਕਦੇ। |
| ਕਹੈ ਨਾਨਕੁ, ਸਦਾ ਗਾਵਹੁ, ਏਹ ਸਚੀ ਬਾਣੀ ॥੨੩॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਦਾ = ਹਮੇਸ਼ਾ; ਸਚੀ ਬਾਣੀ = ਗੁਰਬਾਣੀ ਜੋ ਸਚ ਦੀ ਵਿਚਾਰ ਕਰਦੀ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਸਦਾ ਗਾਵੋ ਇਹ ਸਚੀ ਬਾਣੀ (ਗੁਰਬਾਣੀ)। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਸਤਿਗੁਰਾਂ ਨੇ ਸੱਚੀ ਬਾਣੀ ਗਾਉਣ ਦੀ ਤਾਕੀਦ ਆਪਣੇ ਸਿਖਾਂ ਨੂੰ ਬਹੁਤ ਹੀ ਪਿਆਰ ਨਾਲ ਕੀਤੀ ਹੈ। ਸੱਚੀ ਬਾਣੀ ਦੀ ਵਿਆਖਿਆ ਵੀ ਆਪ ਹੀ ਕਰ ਦਿਤੀ ਹੈ ਕਿ ਸੱਚੀ ਬਾਣੀ ਉਹ ਹੈ ਜੋ 'ਗੁਰੂ ਕੇਰੀ' ਹੈ ਭਾਵ ਜੋ ਗੁਰੂ ਨੇ ਉਚਾਰੀ ਹੈ ਜਾਂ ਮਨਜ਼ੂਰ ਕੀਤੀ ਹੈ। ਸੋ ਗੁਰਬਾਣੀ ਹੀ ਸੱਚੀ ਬਾਣੀ ਹੈ ਅਤੇ ਇਹ ਬਾਣੀ ਸਭ ਬਾਣੀਆਂ ਦੇ ਸਿਰ ਤੇ ਬਾਣੀ ਹੈ ਭਾਵ ਸਭ ਤੋਂ ਸ੍ਰੇਸ਼ਟ ਬਾਣੀ ਹੈ। ਅਕਸਰ ਕਈਆਂ ਵਲੋਂ ਦਲੀਲ ਦਿਤੀ ਜਾਂਦੀ ਹੈ ਕਿ ਕੋਈ ਵੀ ਬਾਣੀ ਜੋ ਗੁਰੂ ਆਸ਼ੇ ਦੇ ਅਨੁਸਾਰ ਹੋਵੇ ਸੋ ਸਚੀ ਬਾਣੀ ਹੈ ਪਰ ਇਹ ਗਲ ਇਸ ਪਉੜੀ ਤੋਂ ਗਲਤ ਸਾਬਤ ਹੋ ਜਾਂਦੀ ਹੈ ਕਿਉਂਕਿ ਗੁਰੂ ਜੀ ਨੇ ਸਪਸ਼ਟ ਹੁਕਮ ਦਿਤਾ ਹੈ ਕਿ "ਬਾਣੀ ਤ ਗਾਵਹੁ ਗੁਰੂ ਕੇਰੀ"। "ਗੁਰੂ ਕੇਰੀ" ਦਾ ਅਰਥ ਹੈ ਗੁਰੂ ਦੀ। ਇਸ ਮੁਤਾਬਕ ਕੇਵਲ ਗੁਰੂ ਜੀ ਦੀ ਬਾਣੀ ਹੀ ਸਚੀ ਬਾਣੀ ਹੈ। ਸ਼ੰਕਾਵਾਦੀ ਸਵਾਲ ਉਠਾ ਸਕਦੇ ਹਨ ਕਿ ਸਚੀ ਬਾਣੀ ਦੀ ਇਸ ਪਰਿਭਾਸ਼ਾ ਅਨੁਸਾਰ ਤਾਂ ਭਗਤ ਬਾਣੀ ਵੀ ਸਚੀ ਬਾਣੀ ਨਹੀਂ ਹੋ ਸਕਦੀ ਕਿਉਂਕਿ ਉਹ "ਗੁਰੂ ਕੇਰੀ" ਨਹੀਂ ਹੈ ਪਰ ਇਹ ਦਲੀਲ ਨਿਰਮੂਲ ਹੈ। ਪਹਿਲੀ ਗਲ ਤਾਂ ਇਹ ਹੈ ਕਿ ਭਗਤ ਬਾਣੀ ਗੁਰੂ ਜੀ ਨੇ ਆਪ ਭਗਤਾਂ ਦੇ ਮੂਹੋਂ ਕਢਾਈ ਹੈ ਅਤੇ ਕਢਵਾ ਕੇ ਆਪ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ। ਇਸ ਬਾਣੀ ਉਪਰ ਆਪਣਾ ਸਚਖੰਡੀ ਮੰਗਲਾਚਰਨ ਲਾ ਕੇ ਇਹ ਫੁਰਮਾਨ ਕਰ ਦਿਤਾ ਹੈ ਕਿ ਇਹ ਬਾਣੀ ਸਤਿਗੁਰਾਂ ਦੀ ਆਪਣੀ ਹੀ ਹੈ। ਦੂਸਰੀ ਗਲ ਹੈ ਕਿ ਭਗਤਾਂ ਦੀ ਸਾਰੀ ਬਾਣੀ ਗੁਰਬਾਣੀ ਤੁਲ ਨਹੀਂ ਹੈ। ਉਹਨਾਂ ਦੀ ਕੇਵਲ ਉਹ ਬਾਣੀ ਸਚੀ ਬਾਣੀ ਹੈ ਜੋ ਗੁਰੂ ਜੀ ਨੇ ਆਦਿ ਬੀੜ ਵਿਚ ਦਰਜ ਕੀਤੀ ਹੈ। ਭਗਤ ਕਬੀਰ ਜੀ ਸਾਰਖੇ ਭਗਤਾਂ ਦੀ ਹੋਰ ਬਹੁਤ ਬਾਣੀ ਹੈ ਜੋ ਆਦਿ ਬੀੜ ਵਿਚ ਦਰਜ ਨਹੀਂ ਹੈ ਅਤੇ ਉਹ ਬਹੁਤ ਕਰਕੇ ਗੁਰੂ ਆਸ਼ੇ ਨਾਲ ਮੇਲ ਵੀ ਖਾਂਦੀ ਹੈ ਪਰ ਚੁਨਾਂਚਿ ਇਹ ਬਾਣੀ ਪਾਰਸ ਕਲਾ ਤੋਂ ਵਿਹੂਣੀ ਹੈ ਅਤੇ ਸਚਖੰਡ 'ਚੋਂ ਨਹੀਂ ਆਈ ਸੋ ਇਹ ਬਾਣੀ ਮਹਾਰਾਜ ਜੀ ਦੇ ਸਰੂਪ ਵਿਚ ਨਹੀਂ ਹੈ। ਸੋ ਜੋ ਵੀ ਬਾਣੀ ਗੁਰੂ ਜੀ ਦੀ ਆਪਣੀ ਬਾਣੀ ਹੈ ਅਤੇ ਭਗਤਾਂ ਦੀ ਬਾਣੀ ਹੈ ਅਤੇ ਜੋ ਗੁਰੂ ਜੀ ਨੇ ਆਪ ਮਹਾਰਾਜ ਜੀ ਦੇ ਸਰੂਪ ਵਿਚ ਦਰਜ ਕੀਤੀ ਹੈ, ਉਹ ਸਚੀ ਬਾਣੀ ਹੈ। | | | |
| ਸਤਿਗੁਰੂ ਬਿਨਾ, ਹੋਰ ਕਚੀ ਹੈ ਬਾਣੀ ॥ | | ਕਚੀ = ਕੱਚ ਦੀ ਵਿਚਾਰ ਕਰਨਵਾਲੀ, ਜੋ ਪੂਰੀ ਤਰ੍ਹਾਂ ਵਿਚਾਰ ਨਾ ਕਰ ਸਕੇ ਸੋ ਕਚੀ ਬਾਣੀ ਹੈ। | ਸਤਿਗੁਰੂ ਤੋਂ ਬਿਨਾਂ ਹੋਰ ਬਾਣੀ ਕੱਚੀ ਹੈ।<br><br>ਕਿਉਂਕਿ ਹੋਰ ਕੋਈ ਬਾਣੀ ਅਕਾਲ ਪੁਰਖ ਦੀ ਮੁਕੰਮਲ ਵਿਚਾਰ ਨਹੀਂ ਕਰ ਸਕਦੀ ਅਤੇ ਸਹੀ ਵਿਚਾਰ ਨਹੀਂ ਕਰ ਸਕਦੀ, ਇਸ ਕਰਕੇ ਗੁਰਬਾਣੀ ਤੋਂ ਬਿਨਾ, ਹੋਰ ਸਗਲ ਬਾਣੀ ਕੱਚੀ ਬਾਣੀ ਹੈ। |
| ਬਾਣੀ ਤ ਕਚੀ, ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥ | ਬਾਝਹੁੰ | ਬਾਝਹੁ = ਬਿਨਾ, ਬਗੈਰ। | ਸਤਿਗੁਰੂ ਬਿਨਾ ਜੋ ਬਾਣੀ ਹੈ ਉਹ ਕੱਚੀ ਹੈ, (ਗੱਲ ਕੀ) ਹੋਰ (ਸਭ) ਬਾਣੀ ਕੱਚੀ ਹੈ।<br><br>ਸਤਿਗੁਰਾਂ ਨੇ ਫੈਸਲਾ ਕਰ ਦਿਤਾ ਹੈ ਕਿ ਜੋ ਵੀ ਬਾਣੀ ਸਤਿਗੁਰੂ ਜੀ ਦੀ ਨਹੀਂ ਹੈ, ਸੋ ਕੱਚੀ ਹੈ ਭਾਂਵੇਂ ਉਹ ਕਿੰਨੇ ਵੀ ਉਚੇ ਆਦਰਸ਼ ਵਾਲੀ ਹੋਵੇ ਅਤੇ ਭਾਂਵੇਂ ਉਸ ਵਿਚ ਕਿੰਨੀਆਂ ਵੀ ਉਚੀਆਂ ਸੁਚੀਆਂ ਗੱਲਾਂ ਹੋਣ ਪਰ ਉਹ ਕੱਚੀ ਬਾਣੀ ਹੈ। |
| ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ ॥ | ਕਹੰਦੇ | ਕਹਦੇ = ਕਹਿੰਦੇ, ਕਹਿਣਵਾਲੇ; ਸੁਣਦੇ = ਸੁਨਣਵਾਲੇ; ਕਚੀਂ = ਕਚਿਆਂ ਨੇ; ਆਖਿ ਵਖਾਣੀ = ਆਖ ਕੇ ਵਖਾਣੀ ਹੈ। | (ਕੱਚੀ ਬਾਣੀ ਨੂੰ) ਕਹਿਣਵਾਲੇ ਕੱਚੇ ਹਨ, ਸੁਨਣਵਾਲੇ ਕੱਚੇ ਹਨ ਅਤੇ ਕਚਿਆਂ ਨੇ ਹੀ ਇਹ ਬਾਣੀ ਆਖ ਕੇ ਵਖਾਣੀ ਹੈ ਭਾਵ ਕਚੀ ਬਾਣੀ ਉਚਾਰਨਵਾਲੇ ਵੀ ਕੱਚੇ ਹਨ। |
| ਹਰਿ ਹਰਿ ਨਿਤ ਕਰਹਿ ਰਸਨਾ, ਕਹਿਆ ਕਛੂ ਨ ਜਾਣੀ ॥ | ਕਰਹਿੰ | ਹਰਿ ਹਰਿ = ਨਾਮ ਜਪਣ ਦੀ ਕਿਰਿਆ; ਰਸਨਾ = ਜ਼ੁਬਾਨ ਨਾਲ; ਕਹਿਆ = ਬੋਲਿਆ ਹੋਇਆ; ਨਾ ਜਾਣੀ = ਨਹੀਂ ਜਾਣਦੇ। | (ਕੱਚੀ ਬਾਣੀ ਗਾਉਣਵਾਲੇ ਭਾਂਵੇਂ) ਨਿਤ ਹਰਿ ਹਰਿ ਰਸਨਾ ਨਾਲ ਕਰਦੇ ਹਨ ਪਰ ਉਹਨਾਂ ਦਾ ਕੁਝ ਵੀ ਕਹਿਆ ਅਕਾਲ ਪੁਰਖ ਨਹੀਂ ਜਾਣਦਾ ਭਾਵ ਨਹੀਂ ਮੰਨਦਾ। |
| ਚਿਤੁ ਜਿਨ ਕਾ, ਹਿਰਿ ਲਇਆ ਮਾਇਆ, ਬੋਲਨਿ ਪਏ ਰਵਾਣੀ ॥ | | ਚਿਤੁ = ਦਿਲ, ਮਨ; ਹਿਰਿ = ਠੱਗਣਾ; ਬੋਲਨਿ = ਬੋਲਦੇ ਹਨ; ਰਵਾਣੀ = ਬੇਕਾਰ। | ਜਿਨਾਂ ਦਾ ਚਿੱਤ, ਮਾਇਆ ਨੇ ਠਗਿਆ ਹੋਵੇ, ਉਹ ਬੇਕਾਰ ਹੀ ਬੋਲਦੇ ਹਨ ਭਾਵ ਉਹਨਾਂ ਦਾ ਹਰਿ ਹਰਿ ਬੋਲਿਆ ਪਰਵਾਨ ਨਹੀਂ ਹੈ। |
| ਕਹੈ ਨਾਨਕੁ, ਸਤਿਗੁਰੁ ਬਾਝਹੁ, ਹੋਰ ਕਚੀ ਬਾਣੀ ॥੨੪॥ | ਬਾਝਹੁੰ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਬਾਝਹੁ = ਬਿਨਾ, ਬਗੈਰ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਸਤਿਗੁਰੂ ਤੋਂ ਬਿਨਾ ਹੋਰ ਬਾਣੀ ਕੱਚੀ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਾਰੰਸ਼ ਅਤੇ ਤੱਤਸਾਰ: ਪਿਛਲੀ ਪਉੜੀ ਵਿਚ ਗੁਰੂ ਜੀ ਨੇ ਸਚੀ ਬਾਣੀ ਦੀ ਵਿਆਖਿਆ ਕਰਦਿਆਂ ਸਮਝਾਇਆ ਹੈ "ਗੁਰੂ ਕੇਰੀ" ਬਾਣੀ ਸਚੀ ਹੈ। ਇਸ ਪਉੜੀ ਵਿਚ ਇਸ ਸਿਧਾਂਤ ਨੂੰ ਹੋਰ ਸਪਸ਼ਟ ਕਰਨ ਲਈ ਗੁਰੂ ਜੀ ਨੇ ਕੋਈ ਸ਼ੱਕ ਰਹਿਣ ਨਹੀਂ ਦਿਤਾ ਕਿ ਸਤਿਗੁਰੂ ਬਾਝਹੁ ਹੋਰ ਸਗਲ ਬਾਣੀ ਕਚੀ ਬਾਣੀ ਹੈ। ਭਾਂਵੇਂ ਕੋਈ ਬਾਣੀ ਗੁਰੂ ਆਸ਼ੇ ਅਨੁਸਾਰੀ ਹੋਵੇ ਭਾਂਵੇਂ ਨਾ ਹੋਵੇ ਪਰ ਸਤਿਗੁਰੂ ਤੋਂ ਬਿਨਾਂ ਹੋਰ ਹਰ ਤਰ੍ਹਾਂ ਦੀ ਬਾਣੀ ਕਚੀ ਬਾਣੀ ਹੈ। ਇਸਦਾ ਭਾਵ ਇਹ ਹੈ ਕਿ ਕੇਵਲ ਗੁਰਬਾਣੀ ਦਾ ਗਾਇਨ ਅਤੇ ਪਾਠ ਕਲਿਆਣਕਾਰੀ ਹੈ। ਗੁਰੂ ਆਸ਼ੇ ਦੇ ਉਲਟ ਬਾਣੀ ਤਾਂ ਗੁਰਸਿਖ ਨੇ ਮੂਲੋਂ ਹੀ ਨਹੀਂ ਪੜ੍ਹਨੀ ਅਤੇ ਜੋ ਕਵਿਤਾ ਗੁਰੂ ਆਸ਼ੇ ਅਨੁਸਾਰੀ ਹੈ, ਉਸਦਾ ਗਾਇਣ ਵੀ ਹਰੀ ਕੀਰਤਨ ਨਹੀ ਕਹਾ ਸਕਦਾ ਕਿਉਂਕਿ ਅਜਿਹੀ ਬਾਣੀ ਦਾ ਗਾਇਣ ਆਪਣੇ ਆਪ ਵਿਚ ਕਲਿਆਣਕਾਰੀ ਨਹੀਂ ਹੈ ਜਿਵੇਂ ਕਿ ਨਾਮ ਅਤੇ ਬਾਣੀ ਦਾ ਪਰਸਨ ਹੈ। ਹੋਰ ਗੁਰੂ ਜੀ ਨੇ ਇਸ ਪਉੜੀ ਵਿਚ ਸਾਫ ਸਮਝਾ ਦਿਤਾ ਹੈ ਕਿ ਕਚੀ ਬਾਣੀ ਗਾਉਣ ਵਾਲੇ ਅਤੇ ਵਖਿਆਨਣ ਵਾਲੇ ਵੀ ਕਚੇ ਹੀ ਹਨ। | | | |
| ਗੁਰ ਕਾ ਸਬਦੁ ਰਤੰਨੁ ਹੈ, ਹੀਰੇ ਜਿਤੁ ਜੜਾਉ ॥ | ਸ਼ਬਦੁ | ਗੁਰ ਕਾ ਸਬਦੁ = ਨਾਮ ਗੁਰਮੰਤ੍ਰ; ਰਤੰਨੁ = ਰਤਨ, ਕੀਮਤੀ ਪਦਾਰਥ ਜਾਂ ਵਿਚਾਰ; ਹੀਰੇ = ਹੀਰਾ; ਜੜਾਉ = ਰਤਨਾਂ ਤੇ ਹੀਰੇ ਜੜਾਉਣ ਦੀ ਕਿਰਿਆ। | ਗੁਰੂ ਦਾ ਸ਼ਬਦ (ਨਾਮ ਗੁਰਮੰਤ੍ਰ ਜੋ ਗੁਰਦੀਖਿਆ ਵੇਲੇ ਗੁਰੂ ਜੀ ਵਲੋਂ ਸਿਖਾਂ ਤਾਂਈਂ ਉਪਦੇਸ਼ਿਆ ਜਾਂਦਾ ਹੈ) ਰਤਨ ਹੈ ਜਿਸ ਨੂੰ ਹੀਰੇ ਜੜਾਏ ਹੋਏ ਹਨ।<br><br>ਨਾਮ ਅਮੋਲਕ ਪਦਾਰਥ ਹੈ ਜਿਸਨੂੰ ਪ੍ਰਭੂ ਦੇ ਗੁਣਾਂ ਰੂਪੀ ਹੀਰੇ ਜੜੇ ਹੋਏ ਹਨ। ਨਾਮ ਜਪਣ ਨਾਲ ਪ੍ਰਭੂ ਮਿਲਾਪ ਹੁੰਦਾ ਹੈ ਅਤੇ ਇਸ ਵਿਚ ਸਮਾਏ ਹੋਏ ਪ੍ਰਭੂ ਦੇ ਗੁਣ ਸਾਧਕ ਦੇ ਹਿਰਦੇ ਵਿਚ ਵਸ ਜਾਂਦੇ ਹਨ। ਨਾਮ ਅੰਦਰ ਸਮਾਏ ਹੋਏ ਗੁਣ ਉਸ ਮਾਤਰਾ ਵਿਚ ਸਾਧਕ ਅੰਦਰ ਸਮਾਉਂਦੇ ਹਨ ਜਿਸ ਮਾਤਰਾ ਵਿਚ ਉਹ ਹਰਿਗੁਣ ਰੂਪੀ ਗੁਰਬਾਣੀ ਦਾ ਰਸੀਆ ਹੁੰਦਾ ਹੈ। |
| ਸਬਦੁ ਰਤਨੁ ਜਿਤੁ ਮੰਨੁ ਲਾਗਾ, ਏਹੁ ਹੋਆ ਸਮਾਉ ॥ | ਸ਼ਬਦੁ | ਸ਼ਬਦ = ਨਾਮ ਗੁਰਮੰਤ੍ਰ; ਰਤਨ = ਕੀਮਤੀ ਪੱਥਰ, ਜਵਾਹਰਾਤ; ਮੰਨ = ਮਨ; ਸਮਾਉਣਾ। | ਸ਼ਬਦ ਰਤਨ ਹੈ ਜਿਸ ਨਾਲ ਮਨ ਲਗ ਜਾਵੇ ਤਾਂ ਇਹ ਪ੍ਰਭੂ ਵਿਚ ਸਮਾਉਣ ਦਾ ਵਸੀਲਾ ਬਣ ਜਾਂਦਾ ਹੈ। |
| ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ ॥ | ਸ਼ਬਦ | ਸੇਤੀ = ਨਾਲ; ਸਚੈ = ਸਚੇ ਨਾਲ; ਭਾਉ = ਪਿਆਰ। | ਸ਼ਬਦ ਨਾਲ ਉਸਦਾ ਮਨ ਮਿਲਦਾ ਹੈ ਜਿਸਨੂੰ ਸਚੇ ਪ੍ਰਭੂ ਨੇ ਆਪ ਹੀ ਭਾਉ (ਰੱਬੀ ਪਿਆਰ) ਲਾਇਆ ਹੋਵੇ। |
| ਆਪੇ ਹੀਰਾ, ਰਤਨੁ ਆਪੇ, ਜਿਸ ਨੋ ਦੇਇ ਬੁਝਾਇ ॥ | | ਬੁਝਾਇ = ਬੁਝਾ ਦੇਣਾ। | ਉਹ ਪ੍ਰਭੂ ਆਪ ਹੀ ਹੀਰਾ ਹੈ ਅਤੇ ਆਪ ਹੀ ਰਤਨ ਹੈ (ਪਰ ਇਹ ਗਲ ਉਸਨੂੰ ਸਮਝ ਆਉਂਦੀ ਹੈ) ਜਿਸਨੂੰ (ਉਹ ਆਪ) ਬੁਝਾ ਦੇਵੇ।<br><br>ਇਸ ਪੰਕਤੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਨਾਮ ਰੂਪ ਵੀ ਹੈ ਅਤੇ ਹਰੀ ਗੁਣ ਰੂਪ ਵੀ। ਰਤਨ ਇਥੇ ਨਾਮ ਦਾ ਪ੍ਰਤੀਕ ਹੈ ਅਤੇ ਹੀਰਾ ਹਰਿਗੁਣ ਰੂਪੀ ਗੁਰਬਾਣੀ ਦਾ ਪ੍ਰਤੀਕ ਹੈ। ਸੋ ਨਾਮ ਅਤੇ ਬਾਣੀ ਦੋਵੇਂ ਹੀ ਪ੍ਰਭੂ ਦੇ ਹੀ ਰੂਪ ਹਨ। ਨਾਮ ਬਾਣੀ ਨੂੰ ਪਰਸਨਾ ਪ੍ਰਭੂ ਨੂੰ ਪਰਸਨਾ ਹੈ। |
| ਕਹੈ ਨਾਨਕੁ, ਸਬਦੁ ਰਤਨੁ ਹੈ, ਹੀਰਾ ਜਿਤੁ ਜੜਾਉ ॥੨੫॥ | ਸ਼ਬਦ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਬਦੁ = ਨਾਮ ਗੁਰਮੰਤ੍ਰ ਜਾਂ ਹਰਿਗੁਣ ਰੂਪ ਗੁਰਬਾਣੀ; ਰਤਨੁ = ਕੀਮਤੀ ਪੱਥਰ; ਜੜਾਉ = ਰਤਨਾਂ ਤੇ ਹੀਰੇ ਜੜਾਉਣ ਦੀ ਕਿਰਿਆ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਗੁਰੂ ਦਾ ਸ਼ਬਦ (ਨਾਮ ਗੁਰਮੰਤ੍ਰ) ਰਤਨ ਹੈ ਅਤੇ ਇਸ ਰਤਨ ਨੂੰ ਪ੍ਰਭੂ ਦੇ ਗੁਣ ਰੂਪੀ ਹੀਰੇ ਜੜੇ ਹੋਏ ਹਨ। |
| ਸਾਰੰਸ਼ ਅਤੇ ਤੱਤਸਾਰ: ਗੁਰੂ ਘਰ ਦਾ ਨਾਮ ਗੁਰਮੰਤ੍ਰ ਰਤਨ ਹੈ ਅਤੇ ਇਸ ਨੂੰ ਹਰਿਗੁਣ ਰੂਪੀ ਭਾਵ ਸਿਫਤ ਸਾਲਾਹ ਰੂਪੀ ਹੀਰੇ ਜੜੇ ਹੋਏ ਹਨ। ਜਿਵੇਂ ਹੀਰਿਆਂ ਨਾਲ ਜੜੇ ਹੋਏ ਰਤਨ ਦੀ ਕੀਮਤ ਬਹੁਤ ਹੁੰਦੀ ਹੈ ਇਸੇ ਤਰ੍ਹਾਂ ਹੀ ਨਾਮ ਦੀ ਕੀਮਤ ਦਾ ਕੋਈ ਅੰਤ ਨਹੀਂ ਹੈ। ਨਾਮ ਉਹ ਅਮੋਲਕ ਪਦਾਰਥ ਹੈ ਜੋ ਪ੍ਰਭੂ ਦੇ ਗੁਣ ਸਾਧਕ ਦੇ ਹਿਰਦੇ ਵਿਚ ਧਾਰਨ ਕਰਾ ਦਿੰਦਾ ਹੈ ਅਤੇ ਅੰਤ ਨੂੰ ਪ੍ਰਭੂ ਨਾਲ ਮਿਲਾਪ ਹੀ ਕਰਵਾ ਦਿੰਦਾ ਹੈ। ਬਸ ਲੋੜ ਹੈ ਗੁਰਮਤਿ ਅਨੁਸਾਰ ਪੰਜਾਂ ਪਿਆਰਿਆਂ ਪਾਸੋਂ ਨਾਮ ਗੁਰਮੰਤ੍ਰ ਦੀ ਦੀਖਿਆ ਪ੍ਰਾਪਤ ਕਰਕੇ ਸ੍ਰੀ ਗੁਰੂ ਦਸਮੇਸ਼ ਜੀ ਦੀ ਰਹਿਤ ਬਹਿਤ ਦੇ ਧਾਰਣੀ ਹੋ ਕੇ ਪੂਰਨ ਖਾਲਸਾ ਸਜ ਕੇ, ਨਾਮ ਦੀ ਅਤੁੱਟ ਕਮਾਈ ਕੀਤੀ ਜਾਵੇ। ਫੇਰ ਨਾਮ ਰਤਨਾਂ ਜਵਾਹਰਾਤਾਂ ਅਤੇ ਹੀਰਿਆਂ ਤੋ ਕੀਮਤੀ ਨਜ਼ਰ ਆਉਂਦਾ ਹੈ। | | | |
| ਸਿਵ ਸਕਤਿ ਆਪਿ ਉਪਾਇ ਕੈ, ਕਰਤਾ ਆਪੇ ਹੁਕਮੁ ਵਰਤਾਏ ॥ | ਸ਼ਿਵ, ਸ਼ਕਤਿ | ਸ਼ਿਵ = ਸ਼ਿਵ ਵਰਗੇ ਚੇਤੰਨ ਦੇਵਤੇ ਜੋ ਸ੍ਰਿਸ਼ਟੀ ਵਿਚ ਹੁਕਮ ਅਨੁਸਾਰ ਕੰਮ ਕਰਦੇ ਹਨ; ਸ਼ਕਤਿ = ਮਾਇਆ, ਪ੍ਰਕ੍ਰਿਤੀ; ਉਪਾਇ ਕੈ = ਪੈਦਾ ਕਰਕੇ; ਕਰਤਾ = ਕਰਨਵਾਲਾ ਅਕਾਲ ਪੁਰਖ; ਹੁਕਮੁ ਵਰਤਾਏ = ਆਪਣਾ ਹੁਕਮ ਵਰਤਾਉਂਦਾ ਹੈ। | ਸ਼ਿਵ ਅਤੇ ਸ਼ਕਤੀ (ਆਦਿ ਸ਼ਕਤੀਆਂ ਜੋ ਸ੍ਰਿਸ਼ਟੀ ਨੂੰ ਪੈਦਾ ਕਰਨ ਵਿਚ ਪ੍ਰਭੂ ਦੇ ਸੰਦ ਦਾ ਕੰਮ ਕਰਦੀਆਂ ਹਨ) ਪ੍ਰਭੂ ਆਪ ਹੀ ਪੈਦਾ ਕਰਦਾ ਹੈ ਅਤੇ ਕਰਤਾ ਪ੍ਰਭੂ ਆਪੇ ਹੀ ਸਾਰੇ ਪਾਸੇ ਆਪਣਾ ਹੁਕਮ ਵਰਤਾਉਂਦਾ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਹੁਕਮੁ ਵਰਤਾਏ, ਆਪਿ ਵੇਖੈ, ਗੁਰਮੁਖਿ, ਕਿਸੈ ਬੁਝਾਏ ॥ | | ਹੁਕਮੁ ਵਰਤਾਏ = ਆਪਣਾ ਹੁਕਮ ਵਰਤਾਉਂਦਾ ਹੈ; ਆਪਿ ਵੇਖੈ = ਖੁਦ ਆਪ ਜਗਤ ਤਮਾਸ਼ਾ ਦੇਖਦਾ ਹੈ; ਗੁਰਮੁਖਿ = ਗੁਰੂ ਦੇ ਰਾਹੀਂ; ਕਿਸੈ ਬੁਝਾਏ = ਕਿਸੇ ਜੀਵ ਨੂੰ ਬੁਝਾਉਂਦਾ ਹੈ।<br><br>ਗੁਰਮੁਖਿ ਦਾ ਭਾਵ ਇਥੇ ਗੁਰਸਿਖ ਨਹੀਂ ਬਲਕਿ ਗੁਰੂ ਦੁਆਰਾ ਦਾ ਹੈ। ਜੇਕਰ ਗੁਰਮੁਖਿ ਦਾ ਭਾਵ ਗੁਰਸਿਖ ਕਰੀਏ ਤਾਂ ਫੇਰ ਭਾਵ ਨਿਕਲੇਗਾ ਕਿ ਕਿਸੇ ਕਿਸੇ ਗੁਰਮੁਖਿ ਨੂੰ ਹੀ ਉਹ ਹੁਕਮ ਬੁਝਾਉਂਦਾ ਹੈ ਪਰ ਇਹ ਠੀਕ ਨਹੀਂ ਕਿਉਂਕਿ ਉਹ ਗੁਰਮੁਖਿ ਨੂੰ ਜ਼ਰੂਰ ਬੁਝਾ ਦਿੰਦਾ ਹੈ। | (ਪ੍ਰਭੂ ਸ੍ਰਿਸਟੀ ਪੈਦਾ ਕਰਕੇ) ਆਪਣਾ ਹੁਕਮ ਵਰਤਾ ਦਿੰਦਾ ਹੈ ਅਤੇ ਆਪ ਹੀ (ਜਗਤ ਤਮਾਸ਼ਾ) ਦੇਖਦਾ ਹੈ; (ਆਪਣੇ ਭਾਣੇ ਵਿਚ) ਕਿਸੇ (ਵਿਰਲੇ ਨੂੰ) ਗੁਰੂ ਰਾਹੀਂ ਆਪਣੇ ਬਾਰੇ ਬੁਝਾ ਦਿੰਦਾ ਹੈ।<br><br>ਹੁਕਮ ਵਰਤਾਉਣ ਦਾ ਮਤਲਬ ਹੈ ਕਿ ਸ੍ਰਿਸ਼ਟੀ ਵਿਚ ਜੋ ਵੀ ਹੁੰਦਾ ਹੈ, ਸੋ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੁੰਦਾ ਹੈ। |
| ਤੋੜੇ ਬੰਧਨ, ਹੋਵੈ ਮੁਕਤੁ, ਸਬਦੁ ਮੰਨਿ ਵਸਾਏ ॥ | ਸ਼ਬਦ | ਬੰਧਨ = ਮਾਇਆ ਦੇ ਬੰਧਨ; ਸਬਦੁ = ਨਾਮ ਗੁਰਮੰਤ੍ਰ; ਮੰਨਿ = ਮਨ ਵਿਚ। | (ਅਜਿਹਾ ਵਡਭਾਗੀ ਗੁਰਮੁਖਿ ਮਾਇਆ ਦੇ) ਬੰਧਨ ਤੋੜ ਦਿੰਦਾ ਹੈ ਅਤੇ ਮੁਕਤ ਹੋ ਜਾਂਦਾ ਹੈ (ਗੁਰੂ ਦੇ ਨਾਮ ਗੁਰਮੰਤ੍ਰ ਰੂਪੀ) ਸ਼ਬਦ ਨੂੰ ਮਨ ਵਿਚ ਵਸਾ ਕੇ। |
| ਗੁਰਮੁਖਿ ਜਿਸ ਨੋ ਆਪਿ ਕਰੇ, ਸੁ ਹੋਵੈ, ਏਕਸ ਸਿਉ ਲਿਵ ਲਾਏ ॥ | | ਗੁਰਮੁਖਿ = ਗਰੂ ਦੇ ਸਨਮੁਖ ਰਹਿਣਵਾਲਾ ਗੁਰਸਿਖ; ਏਕਸ = ਇਕ ਪ੍ਰਭੂ ਨਾਲ ਹੀ; ਲਿਵ ਲਾਏ = ਨਾਮ ਰਾਹੀਂ ਧਿਆਨ ਲਾਏ। | ਜਿਸਨੂੰ ਉਹ ਆਪ ਗੁਰਮੁਖਿ ਕਰੇ (ਬਣਾਵੇ) ਉਹੋ ਜੀਵ ਹੀ ਗੁਰਮੁਖਿ ਹੁੰਦਾ ਹੈ ਅਤੇ ਅਜਿਹਾ ਗੁਰਮੁਖਿ ਇਕ ਪ੍ਰਭੂ ਨਾਲ ਲਿਵ ਲਾਈ ਰਖਦਾ ਹੈ। |
| ਕਹੈ ਨਾਨਕੁ, ਆਪਿ ਕਰਤਾ, ਆਪੇ ਹੁਕਮੁ ਬੁਝਾਏ ॥੨੯॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਕਰਤਾ = ਕਰਨਵਾਲਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਪ੍ਰਭੂ ਆਪ ਹੀ ਕਰਤਾ ਹੈ ਅਤੇ ਆਪ ਹੀ ਆਪਣਾ ਹੁਕਮ (ਕਿਸੇ ਵਿਰਲੇ ਨੂੰ) ਬੁਝਾ ਦਿੰਦਾ ਹੈ। |
| ਸਾਰੰਸ਼ ਅਤੇ ਤੱਤਸਾਰ: ਕਈ ਵਿਦਵਾਨਾਂ ਨੇ ਸਿਵ ਦਾ ਅਰਥ ਜੀਵ ਆਤਮਾ ਕੀਤਾ ਹੈ ਅਤੇ ਸ਼ਕਤਿ ਦਾ ਅਰਥ ਮਾਇਆ ਜਾਂ ਪ੍ਰਕ੍ਰਿਤੀ ਕੀਤਾ ਹੈ ਪਰ ਇਥੇ ਸਿਵ ਦਾ ਅਰਥ ਜੀਵ ਨਹੀਂ ਬਲਕਿ ਉਹ ਸ਼ਕਤੀਆਂ ਹੈ ਜਿਨਾਂ ਨੂੰ ਵਰਤ ਕੇ ਅਕਾਲ ਪੁਰਖ ਸੰਸਾਰ ਦੀ ਉਤਪਤੀ ਅਤੇ ਪ੍ਰਤਿਪਾਲਣਾ ਕਰਦਾ ਹੈ। ਸ਼ਿਵ ਸ਼ਕਤੀ ਦੇ ਮੇਲ ਨਾਲ ਦੁਨੀਆ ਬਣਦੀ ਹੈ ਜੈਸਾ ਕਿ ਸ਼ੈਵ ਮੱਤ ਵਾਲੇ ਮੰਨਦੇ ਹਨ ਕਿ ਸ਼ਿਵ ਸ਼ਕਤੀ ਦੇ ਮੇਲ ਤੋਂ ਹੀ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਪੈਦਾ ਹੋਏ ਹਨ। ਗੁਰੂ ਜੀ ਨੇ ਇਥੇ ਦਸਿਆ ਹੈ ਕਿ ਸ਼ਿਵ ਸ਼ਕਤੀ ਆਦਿ ਤਾਕਤਾਂ ਵੀ ਅਕਾਲ ਪੁਰਖ ਨੇ ਹੀ ਪੈਦਾ ਕੀਤੀਆਂ ਹਨ ਅਤੇ ਕਰਤਾ ਪੁਰਖ ਆਪ ਹੀ ਇਹਨਾਂ ਰਾਹੀਂ ਆਪਣਾ ਹੁਕਮ ਵਰਤਾਉਂਦਾ ਹੈ। ਕਿਸੇ ਕਿਸੇ ਜੀਵ ਨੂੰ, ਗੁਰੂ ਦੁਆਰੇ ਲਿਆ ਕੇ, ਗੁਰੂ ਦੁਆਰਿਓਂ ਸ਼ਬਦ ਦੀਖਿਅਤ ਕਰਕੇ ਮੁਕਤ ਕਰਾ ਦਿੰਦਾ ਹੈ ਵਰਨਾ ਇਸ ਭਵਜਲ ਸੰਸਾਰ ਤੋਂ ਕੋਈ ਨਿਕਲ ਨਹੀਂ ਸਕਦਾ। | | | |
| ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥ | ਸ਼ਾਸਤ੍ਰ | ਸਿਮ੍ਰਿਤਿ = ਵੇਦਿਕ ਧਰਮ ਗ੍ਰੰਥ ਜੋ ਵੇਦਿਕ ਸੰਸਕ੍ਰਿਤੀ ਦੇ ਆਧਾਰ ਤੇ ਰਹਿਣ ਸਹਿਣ ਦੇ ਤਰੀਕੇ ਕਾਰ ਦਾ ਉਪਦੇਸ਼ ਕਰਦੇ ਹਨ। ਇਹ ਗਿਣਤੀ ਵਿਚ ਤਕਰੀਬਨ ੨੭ ਕੁ ਮੰਨੇ ਜਾਂਦੇ ਹਨ; ਸਾਸਤ੍ਰ = ਵੇਦਿਕ ਦਾਰਸ਼ਨਿਕ ਧਰਮ ਗ੍ਰੰਥ ਜੋ ਜੀਵਨ ਦੇ ਮੂਲ ਅਤੇ ਉਦੇਸ਼ ਬਾਰੇ ਹਨ। ਇਹਨਾਂ ਦੀ ਗਿਣਤੀ ਮੁਖ ਤੌਰ ਤੇ ਛੇ ਹੈ; ਪੁੰਨ = ਚੰਗੇ ਕਰਮ ਜਿਨਾਂ ਦਾ ਫਲ ਜੀਵ ਨੂੰ ਸੁਹੇਲਾ ਮਿਲਦਾ ਹੈ; ਪਾਪ = ਮਾੜੇ ਕਰਮ ਜਿਨਾਂ ਦਾ ਫਲ ਦੁਖਦਾਈ ਹੁੰਦਾ ਹੈ; ਤਤੈ ਸਾਰ = ਤੱਤ ਦੀ ਸਾਰ; ਨ ਜਾਣੀ = ਨਹੀਂ ਜਾਣਦੇ। | ਸਿਮ੍ਰਿਤੀਆਂ ਅਤੇ ਸ਼ਾਸਤ੍ਰ ਪੁੰਨ ਅਤੇ ਪਾਪ ਦੀ ਵਿਚਾਰ ਹੀ ਕਰਦੇ ਹਨ ਪਰ ਉਹ ਪ੍ਰਭੂ ਰੂਪੀ ਤੱਤ ਦੀ ਸਾਰ ਨਹੀਂ ਜਾਣਦੇ।<br><br>ਆਨਮਤ ਧਾਰਮਕ ਗ੍ਰੰਥ ਪਾਪ ਪੁੰਨ ਦੀ ਵਿਚਾਰ ਤਾਂ ਕਰਦੇ ਹਨ ਅਤੇ ਜੀਵ ਨੂੰ ਇਹ ਸੇਧ ਦਿੰਦੇ ਹਨ ਕਿ ਕਿਹੜਾ ਕਰਮ ਮਾੜਾ ਹੈ ਅਤੇ ਕਿਹੜਾ ਚੰਗਾ ਹੈ ਪਰ ਉਹ ਤ੍ਰੈ ਗੁਣਾਂ ਤੋਂ ਅਪਰੰਪਰ ਕਰਮ ਜਿਸ ਨਾਲ ਜੀਵ ਨੂੰ ਪ੍ਰਭੂ ਪ੍ਰਾਪਤੀ ਹੋ ਜਾਵੇ ਅਤੇ ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਵੇ, ਨਹੀਂ ਦਸਦੇ। ਇਹ ਕੇਵਲ ਗੁਰੂ ਰੂਪ ਗੁਰਬਾਣੀ ਹੀ ਹੈ ਜੋ ਜੀਵ ਨੂੰ ਮੁਕਤਿ ਜੁਗਤਿ ਦਸਦੀ ਹੈ। |
| ਤਤੈ ਸਾਰ ਨ ਜਾਣੀ, ਗੁਰੂ ਬਾਝਹੁ, ਤਤੈ ਸਾਰ ਨ ਜਾਣੀ ॥ | ਬਾਝਹੁੰ | ਤਤੈ ਸਾਰ = ਤੱਤ ਦੀ ਸਾਰ; ਗੁਰੂ ਬਾਝਹੁ = ਗੁਰੂ ਤੋਂ ਬਿਨਾ। | (ਸਿਮ੍ਰਿਤੀਆਂ ਅਤੇ ਸ਼ਾਸਤ੍ਰਾਂ ਨੇ) ਤੱਤ ਦੀ ਸਾਰ ਨਹੀਂ ਜਾਣੀ, ਗੁਰੂ ਤੋਂ ਬਿਨਾ, ਤੱਤ ਦੀ ਸਾਰ ਨਹੀਂ ਜਾਣੀ।<br><br>"ਤਤੈ ਸਾਰ ਨ ਜਾਣੀ" ਦਾ ਦੋ ਵਾਰ ਆਉਣਾ ਇਹ ਗਲ ਫੋਰਸ ਨਾਲ ਦ੍ਰਿੜ੍ਹਾਉਣ ਲਈ ਹੈ ਕਿ ਗੁਰੂ ਤੋਂ ਬਿਨਾਂ ਕਿਸੇ ਧਾਰਮਕ ਗ੍ਰੰਥ ਨੇ ਤੱਤ ਪਦਾਰਥ ਦੀ ਸਾਰ ਨਹੀਂ ਜਾਣੀ ਹੈ। ਇਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਸਗਲ ਆਨਮਤ ਗ੍ਰੰਥ ਗੁਰੂ ਤੋਂ ਬਿਹੂਣੇ ਹੋਣ ਕਰਕੇ ਤੱਤ ਵਸਤੂ ਦੀ ਗਲ ਨਹੀਂ ਕਰਦੇ। ਤਾਂ ਤੇ ਇਹਨਾਂ ਦੇ ਅਨੁਆਈ ਕਦਾਚਿਤ ਮੁਕਤ ਨਹੀਂ ਹੁੰਦੇ। |
| ਤਿਹੀ ਗੁਣੀ, ਸੰਸਾਰੁ ਭ੍ਰਮਿ ਸੁਤਾ, ਸੁਤਿਆ ਰੈਣਿ ਵਿਹਾਣੀ ॥ | ਤਿਹੀਂ, ਸੁਤਿਆਂ | ਤਿਹੀਂ ਗੁਣੀ – ਤਿਨਾਂ ਗੁਣਾਂ (ਸਤੋ ਰਜੋ ਅਤੇ ਤਮੋ) ਵਿਚ ਹੀ; ਭ੍ਰਮਿ ਸੁਤਾ = ਭਰਮ ਵਿਚ ਸੁੱਤਾ; ਸੁਤਿਆ = ਸੁਤਿਆਂ; ਰੈਣਿ ਵਿਹਾਣੀ = ਰਾਤ ਗੁਜ਼ਰ ਜਾਂਦੀ ਹੈ ਭਾਵ ਜ਼ਿੰਦਗੀ ਲੰਘ ਜਾਂਦੀ ਹੈ। | ਸੰਸਾਰ (ਮਾਇਆ ਦੇ) ਤਿਨ ਗੁਣਾਂ ਦੇ ਭਰਮ ਵਿਚ ਅਚੇਤ (ਸੁੱਤਾ) ਹੋਇਆ ਪਿਆ ਹੈ ਅਤੇ ਇਸ ਤਰ੍ਹਾਂ ਅਚੇਤ ਅਵਸਥਾ ਵਿਚ ਹੀ (ਸੁਤਿਆਂ ਹੀ) ਸਾਰੀ ਜ਼ਿੰਦਗੀ ਲੰਘ ਜਾਂਦੀ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਗੁਰ ਕਿਰਪਾ ਤੇ, ਸੇ ਜਨ ਜਾਗੇ, ਜਿਨਾ ਹਰਿ ਮਨਿ ਵਸਿਆ, ਬੋਲਹਿ ਅੰਮ੍ਰਿਤ ਬਾਣੀ ॥ | ਜਿਨਾਂ, ਬੋਲਹਿਂ | ਅੰਮ੍ਰਿਤ ਬਾਣੀ = ਗੁਰਬਾਣੀ ਅਥਵਾ ਨਾਮ। | ਗੁਰੂ ਦੀ ਕਿਰਪਾ ਨਾਲ ਉਹੀ ਜਨ ਜਾਗਦੇ ਹਨ, ਜਿਨਾਂ ਦੇ ਮਨ ਵਿਚ, ਅੰਮ੍ਰਿਤ ਬਾਣੀ ਬੋਲਣ ਕਰਕੇ, ਹਰੀ ਵਸਿਆ ਹੋਇਆ ਹੈ।<br><br>ਇਸ ਪੰਕਤੀ ਵਿਚ ਹਰੀ ਨੂੰ ਮਨ ਵਿਚ ਵਸਾਉਣ ਦਾ ਵਸੀਲਾ ਅੰਮ੍ਰਿਤ ਬਾਣੀ ਭਾਵ ਗੁਰਬਾਣੀ ਜਾਂ ਨਾਮ ਉਚਾਰਨ ਨੂੰ ਦਸਿਆ ਗਿਆ ਹੈ। |
| ਕਹੈ ਨਾਨਕੁ, ਸੋ ਤਤੁ ਪਾਏ, ਜਿਸਨੋ ਅਨਦਿਨੁ ਹਰਿ ਲਿਵ ਲਾਗੈ, ਜਾਗਤ ਰੈਣਿ ਵਿਹਾਣੀ ॥੨੭॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਤਤੁ = ਪ੍ਰਭੂ ਪ੍ਰਾਪਤੀ ਰੂਪੀ ਤੱਤ ਪਦਾਰਥ; ਅਨਦਿਨ = ਦਿਨ ਰਾਤਿ; ਜਾਗਤ = ਸੁਚੇਤ; ਰੈਣਿ ਵਿਹਾਣੀ = ਜ਼ਿੰਦਗੀ (ਰਾਤ) ਗੁਜ਼ਰਦੀ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਉਹ ਤੱਤ ਪਦਾਰਥ ਪਾਉਂਦਾ ਹੈ ਜਿਸਨੂੰ ਦਿਨ ਰਾਤ ਹਰੀ ਦੀ ਲਿਵ ਲਗੀ ਰਹਿੰਦੀ ਹੈ ਅਤੇ ਜਿਸਦੀ ਰੈਣਿ ਭਾਵ ਜ਼ਿੰਦਗੀ ਜਾਗਦਿਆਂ ਹੋਇਆ ਭਾਵ ਗੁਰਮਤਿ ਵਲੋਂ ਸੁਚੇਤ ਹੋ ਕੇ ਗੁਜ਼ਰਦੀ ਹੈ। |
| ਸਾਰੰਸ਼ ਅਤੇ ਤੱਤਸਾਰ: ਗੁਰੂ ਜੀ ਨੇ ਇਸ ਪਉੜੀ ਵਿਚ ਬਹੁਤ ਖ਼ੂਬਸੂਰਤ ਤਰੀਕੇ ਨਾਲ ਸਪਸ਼ਟ ਹੀ ਸਮਝਾ ਦਿਤਾ ਹੈ ਕਿ ਆਨਮਤ ਧਾਰਮਕ ਗ੍ਰੰਥਾਂ ਨੇ ਪ੍ਰਭੂ ਰੂਪੀ ਤੱਤ ਦੀ ਸਾਰ ਨਹੀਂ ਜਾਣੀ ਕਿਉਂਕਿ ਇਹ ਗ੍ਰੰਥ ਸਤਿਗੁਰੂ ਜੀ ਵਲੋਂ ਨਹੀਂ ਲਿਖੇ ਹੋਏ। ਰਿਖੀਆਂ ਅਤੇ ਹੋਰ ਵਿਦਵਾਨਾਂ ਨੇ ਆਪਣੀ ਪਹੁੰਚ ਮੁਤਾਬਕ ਪਾਪ ਅਤੇ ਪੁੰਨ ਕਰਮਾਂ ਦੀ ਵਿਚਾਰ ਤਾਂ ਇਹਨਾਂ ਗ੍ਰੰਥਾਂ ਵਿਚ ਕੀਤੀ ਹੈ ਪਰ ਪਾਪ ਪੁੰਨ ਕਰਮਾਂ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੁੰਦੀ। ਪਾਪ ਕਰਮ ਤਾਂ ਹੁੰਦੇ ਹੀ ਦੁਖ ਦੇਣਵਾਲੇ ਹਨ ਪਰ ਪੁੰਨ ਕਰਮ ਵੀ ਅਖੀਰ ਦੁਖਦਾਈ ਹੀ ਹੁੰਦੇ ਹਨ ਕਿਉਂਕਿ ਭਾਂਵੇ ਉਹ ਜੀਵ ਨੂੰ ਭਵਿਖ ਵਿਚ ਸੁਖ ਦਿੰਦੇ ਹਨ ਪਰ ਇਹ ਕਰਮ ਵੀ ਜੀਵ ਨੂੰ ਸੰਸਾਰ ਵਿਚ ਦੁਬਾਰਾ ਲਿਆਉਣ ਦਾ ਕਾਰਨ ਬਣਦੇ ਹਨ। ਜਦੋਂ ਤੱਕ ਜੀਵ ਦਾ ਚੰਗੇ ਜਾਂ ਮਾੜੇ ਕਰਮਾਂ ਦਾ ਲੇਖਾ ਬਾਕੀ ਰਹਿੰਦਾ ਹੈ ਉਦੋਂ ਤੱਕ ਜੀਵ ਨੂੰ ਇਹਨਾਂ ਕਰਮਾ ਦੇ ਸੁਖਦਾਈ ਜਾਂ ਦੁਖਦਾਈ ਫਲ ਭੋਗਣ ਲਈ ਸੰਸਾਰ ਵਿਚ ਜਨਮ ਲੈਣਾ ਪੈਂਦਾ ਹੈ।<br><br>ਗੁਰੂ ਤੋਂ ਬਾਝੋਂ ਸਾਰਾ ਸੰਸਾਰ ਮਾਇਆ ਦੇ ਤਿਨਾਂ ਗੁਣਾਂ - ਸਤੋ, ਰਜੋ ਅਤੇ ਤਮੋ ਦੇ ਮਿਸ਼ਰਣ ਵਿਚ ਹੀ ਖੁਭਿਆ ਰਹਿੰਦਾ ਹੈ ਅਤੇ ਉਸਦੀ ਸੁਰਤਿ ਕਦੇ ਤੱਤ ਪਦਾਰਥ ਦੀ ਪ੍ਰਾਪਤੀ ਵਾਸਤੇ ਸੁਚੇਤ ਹੀਂ ਨਹੀਂ ਹੁੰਦੀ ਅਤੇ ਜਿਨਾਂ ਵਿਰਲੇ ਜਨਾਂ ਦੇ ਮਨ ਵਿਚ ਮੁਕਤ ਹੋਣ ਲਈ ਜਗਿਆਸਾ ਉਠਦੀ ਹੈ ਉਹ ਗੁਰੂ ਪਾਸੋਂ ਸੇਧ ਖੁਣੋਂ ਮੁਕਤਿ ਜੁਗਤਿ ਦੀ ਪ੍ਰਾਪਤੀ ਕਰਨ ਤੋ ਅਸੰਮ੍ਰਥ ਹੀ ਰਹਿੰਦੇ ਹਨ। | | | |
| ਮਾਤਾ ਕੇ ਉਦਰ ਮਹਿ, ਪ੍ਰਤਿਪਾਲ ਕਰੇ, ਸੋ, ਕਿਉ ਮਨਹੁ ਵਿਸਾਰੀਐ ॥ | ਕਿਉਂ, ਮਨਹੁੰ | ਉਦਰ = ਢਿਡ, ਗਰਭ; ਪ੍ਰਤਿਪਾਲ = ਪਾਲਣਾ ਪੋਸ਼ਣਾ; ਮਨਹੁ = ਮਨੋਂ, ਮਨ ਤੋਂ; ਵਿਸਾਰੀਐ = ਭੁਲਾਈਏ। | ਜੋ ਮਾਤਾ ਦੇ ਗਰਭ ਵਿਚ ਪ੍ਰਤਿਪਾਲਣਾ ਕਰਦਾ ਹੈ (ਜੀਵ ਦੀ) ਉਸਨੂੰ (ਬਾਹਰ ਦੁਨੀਆ ਵਿਚ ਆ ਕੇ) ਕਿਉਂ ਮਨ ਤੋਂ ਭੁਲਾਈਏ ਭਾਵ ਨਾ ਭੁਲਾਈਏ। |
| ਮਨਹੁ, ਕਿਉ ਵਿਸਾਰੀਐ ਏਵਡੁ ਦਾਤਾ, ਜਿ ਅਗਨਿ ਮਹਿ, ਆਹਾਰੁ ਪਹੁਚਾਵਏ ॥ | ਮਨਹੁੰ, ਕਿਉਂ, ਪਹੁੰਚਾਵਏ | ਮਨਹੁ = ਮਨੋਂ, ਮਨ ਤੋਂ; ਵਿਸਾਰੀਐ = ਭੁਲਾਈਐ; ਏਵਡੁ ਦਾਤਾ = ਐਡਾ ਦਾਤਾ, ਅਜਿਹਾ ਦਾਤਾ; ਅਗਨਿ = ਉਦਰ ਦੀ ਗਰਮੀ; ਆਹਾਰ = ਭੋਜਨ; ਪਹੁਚਾਵਏ = ਪਹੁੰਚਾਉਂਦਾ ਹੈ। | ਮਨ ਤੋਂ ਅਜਿਹਾ ਮਹਾਨ ਦਾਤਾ ਕਿਉਂ ਭੁਲਾਈਏ ਜੋ ਕਿ ਉਦਰ ਦੀ ਅਗਨੀ ਵਿਚ ਆਹਾਰ ਪਹੁੰਚਾਉਂਦਾ ਹੈ। |
| ਓਸ ਨੋ ਕਿਹੁ ਪੋਹਿ ਨ ਸਕੀ, ਜਿਸ ਨਉ ਆਪਣੀ ਲਿਵ ਲਾਵਏ ॥ | | ਕਿਹੁ = ਕੁਝ; ਪੋਹਿ = ਛੂਹ; ਨਉ = ਨੂੰ; ਲਿਵ = ਗੁਰਮਤਿ ਨਾਮ ਵਿਚ ਲਗਾਤਾਰ ਧਿਆਨ ਲਾਉਣ ਦੀ ਕਿਰਿਆ। | ਉਸਨੂੰ ਕੁਝ ਵੀ (ਮੁਸੀਬਤ) ਛੂਹ ਨਹੀਂ ਸਕਦੀ ਜਿਸਨੂੰ (ਪ੍ਰਭੂ) ਆਪਣੀ ਲਿਵ ਲਾ ਦੇਵੇ। |
| ਆਪਣੀ ਲਿਵ ਆਪੇ ਲਾਏ, ਗੁਰਮੁਖਿ ਸਦਾ ਸਮਾਲੀਐ ॥ | | ਲਿਵ = ਗੁਰਮਤਿ ਨਾਮ ਵਿਚ ਲਗਾਤਾਰ ਧਿਆਨ ਲਾਉਣ ਦੀ ਕਿਰਿਆ; ਗੁਰਮੁਖਿ = ਗੁਰੂ ਰਾਹੀਂ। | ਆਪਣੀ ਲਿਵ (ਪ੍ਰਭੂ ਆਪ ਹੀ ਲਾਉਂਦਾ ਹੈ ਜਿਸ ਸਦਕਾ ਜੀਵ) ਗੁਰੂ ਦੇ ਰਾਹੀਂ ਸਦਾ ਸੰਮ੍ਹਾਲਦਾ ਹੈ ਭਾਵ ਸਦਾ ਗੁਰਮਤਿ ਨਾਮ ਉਰਿਧਾਰੀ ਰਖਦਾ ਹੈ। |
| ਕਹੈ ਨਾਨਕੁ, ਏਵਡੁ ਦਾਤਾ, ਸੋ, ਕਿਉ ਮਨਹੁ ਵਿਸਾਰੀਐ ॥੨੮॥ | ਕਿਉਂ, ਮਨਹੁੰ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਏਵਡ ਦਾਤਾ = ਐਡਾ ਦਾਤਾ, ਅਜਿਹਾ ਦਾਤਾ; ਮਨਹੁ = ਮਨੋਂ, ਮਨ ਤੋਂ; ਵਿਸਾਰੀਐ = ਭੁਲਾਈਏ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਅਜਿਹਾ ਦਾਤਾ ਕਿਉਂ ਮਨੋਂ ਭੁਲਾਈਏ ਭਾਵ ਨਾ ਭੁਲਾਈਏ। |
| ਸਾਰੰਸ਼ ਅਤੇ ਤੱਤਸਾਰ: ਮਾਤਾ ਦੇ ਗਰਭ ਵਿਚ ਅਕਾਲ ਪੁਰਖ ਤੋਂ ਸਿਵਾਏ ਕੋਈ ਜੀਵ ਦੀ ਮਦਦ ਨਹੀਂ ਕਰ ਸਕਦਾ। ਉਸ ਅਉਖੀ ਘੜੀ ਵਿਚ ਜੀਵ ਕੇਵਲ ਪ੍ਰਭੂ ਦੀ ਬਖਸ਼ੀ ਹੋਈ ਲਿਵ ਦੇ ਸਦਕਾ ਜੀਉਂਦਾ ਰਹਿੰਦਾ ਹੈ। ਉਥੇ ਆਹਾਰ ਪਹੁੰਚਾਉਣ ਦਾ ਕੰਮ ਕੇਵਲ ਅਕਾਲ ਪੁਰਖ ਹੀ ਕਰਦਾ ਹੈ। ਐਸੇ ਮਹਾਨ ਦਾਤੇ ਨੂੰ ਭੁਲ ਜਾਣਾ ਇਕ ਵਡਾ ਅਕ੍ਰਿਤਘਣੀ ਕਰਮ ਹੈ ਜਿਸ ਤੋਂ ਗੁਰੂ ਜੀ ਜੀਵ ਨੂੰ ਸੁਚੇਤ ਕਰਦੇ ਹੋਏ ਖਬਰਦਾਰ ਕਰਦੇ ਹਨ ਕਿ ਜਿਵੇਂ ਗਰਭ ਵਿਚ ਪ੍ਰਭੂ ਨੇ ਨਾਮ ਦੀ ਸ਼ਕਤੀ ਨਾਲ ਜੀਵ ਨੂੰ ਪ੍ਰਤਿਪਾਲਿਆ ਸੀ ਉਸੇ ਤਰ੍ਹਾਂ ਹੀ ਮਾਇਆ ਰੂਪੀ ਅਗਨਿ ਵਿਚ ਵੀ ਨਾਮ ਦੇ ਆਸਰੇ ਨਾਲ ਹੀ ਬਚਿਆ ਜਾ ਸਕਦਾ ਹੈ। | | | |
| ਜੈਸੀ ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ ॥ | | ਅਗਨਿ = ਅੱਗ; ਉਦਰ = ਢਿਡ, ਗਰਭ। | ਜਿਵੇਂ ਗਰਭ ਵਿਚ ਅੱਗ ਹੁੰਦੀ ਹੈ, ਉਵੇਂ ਹੀ ਬਾਹਰ ਮਾਇਆ ਹੈ।<br><br>ਭਾਵ ਜਿਵੇਂ ਅਗਨੀ ਦੁਖਦਾਈ ਹੁੰਦੀ ਹੈ ਉਸੇ ਤਰ੍ਹਾਂ ਹੀ ਮਾਇਆ ਦੁਖਦਾਇਕ ਹੈ। |
| ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥ | | ਰਚਾਇਆ = ਬਣਾਇਆ। | ਮਾਇਆ ਅਤੇ ਅਗਨੀ ਪੂਰੀ ਤਰ੍ਹਾਂ ਇਕੋ ਜਹੀਆਂ ਹਨ; ਕਰਤੇ ਅਕਾਲ ਪੁਰਖ ਨੇ ਇਹ ਖੇਲ (ਇਦਾਂ ਹੀ) ਰਚਾਇਆ ਹੈ। |
| ਜਾ ਤਿਸੁ ਭਾਣਾ, ਤਾ ਜੰਮਿਆ, ਪਰਵਾਰਿ ਭਲਾ ਭਾਇਆ ॥ | ਜਾਂ, ਤਾਂ | ਭਾਣਾ = ਮਰਜ਼ੀ, ਰਜ਼ਾ; ਪਰਵਾਰਿ = ਪਰਵਾਰ ਵਿਚ। | ਜਦੋਂ ਉਸਨੂੰ (ਪ੍ਰਭੂ ਨੂੰ) ਭਾਇਆ, ਉਦੋਂ (ਜੀਵ) ਜੰਮਿਆ ਅਤੇ ਪਰਵਾਰ ਵਿਚ ਇਹ ਭਾਣਾ ਭਲਾ ਭਾਇਆ ਭਾਵ ਪਰਵਾਰ ਨੂੰ ਚੰਗਾ ਲਗਿਆ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਲਿਵ ਛੁੜਕੀ, ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥ | ਤ੍ਰਿਸ਼ਨਾ | ਲਿਵ ਛੁੜਕੀ = ਲਿਵ ਟੁੱਟ ਗਈ; ਲਗੀ ਤ੍ਰਿਸਨਾ = ਤ੍ਰਿਸ਼ਨਾ ਲਗ ਗਈ; ਅਮਰੁ = ਹੁਕਮ। | (ਜਦੋਂ ਜੀਵ ਜੰਮਿਆ ਤਾਂ ਉਸਦੀ) ਲਿਵ ਟੁੱਟ ਗਈ ਅਤੇ (ਮਾਇਆ ਦੇ ਅਸਰ ਕਰਕੇ) ਤ੍ਰਿਸ਼ਨਾ ਲਗ ਗਈ ਕਿਉਂਕਿ ਮਾਇਆ ਨੇ ਆਪਣਾ ਹੁਕਮ ਵਰਤਾ ਦਿਤਾ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਮਾਇਆ ਚੇਤੰਨ ਸ਼ਕਤੀ ਹੈ (ਜੜ੍ਹ ਨਹੀਂ ਹੈ) ਜੋ ਕਿ ਆਪਣਾ ਅਮਰ (ਹੁਕਮ) ਵਰਤਾਉਂਦੀ ਹੈ। |
| ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ ॥ | | ਵਿਸਰੈ = ਭੁਲੇ; ਭਾਉ ਦੂਜਾ = ਪ੍ਰਭੂ ਤੋਂ ਬਿਨਾਂ ਹੋਰ ਪਿਆਰ। | ਇਹ ਮਾਇਆ ਹੈ ਜਿਸ ਕਰਕੇ ਹਰੀ ਵਿਸਰ ਜਾਂਦਾ ਹੈ, ਮੋਹ ਉਪਜਦਾ ਹੈ ਅਤੇ ਜੀਵ ਨੂੰ ਦੂਜਾ ਭਾਉ ਲਾਇਆ ਜਾਂਦਾ ਹੈ।<br><br>ਮਾਇਆ ਦੀ ਪਰਿਭਾਸ਼ਾ ਅਤੇ ਲੱਛਣ ਦਸਦੇ ਹੋਏ ਹਜ਼ੂਰ ਦਸਦੇ ਹਨ ਕਿ ਮਾਇਆ ਤਿਨ ਕੰਮ ਕਰਦੀ ਹੈ - ਹਰੀ ਵਿਸਰਾਉਂਦੀ ਹੈ, ਮੋਹ ਚੰਬੋੜਦੀ ਹੈ ਅਤੇ ਦੂਜਾ ਭਾਉ ਲਾਉਂਦੀ ਹੈ। ਸੋ ਮਾਇਆ ਤੋਂ ਛੁਟਣ ਲਈ ਵੀ ਇਹ ਤਿਨੇ ਕੰਮ ਉਲਟੇ ਕਰਨੇ ਹੋਣਗੇ - ਹਰੀ ਚੇਤਣਾ ਪਵੇਗਾ, ਮੋਹ ਤੋੜਨਾ ਪਵੇਗਾ ਅਤੇ ਦੂਜਾ ਭਾਉ ਗਵਾਉਣਾ ਪਵੇਗਾ। |
| ਕਹੈ ਨਾਨਕੁ, ਗੁਰਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥੨੯॥ | ਜਿਨਾਂ, ਤਿਨੀਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਗੁਰਪਰਸਾਦੀ = ਗੁਰੂ ਦੀ ਕਿਰਪਾ ਨਾਲ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਗੁਰੂ ਦੀ ਕਿਰਪਾ ਨਾਲ ਜਿਨਾਂ ਦੀ ਲਿਵ ਲਗੀ ਹੈ, ਉਹਨਾਂ ਨੇ ਮਾਇਆ ਵਿਚ ਰਹਿੰਦੇ ਹੋਏ ਹੀ ਅਕਾਲ ਪੁਰਖ ਨੂੰ ਪਾ ਲਿਆ ਹੈ। |
| ਸਾਰੰਸ਼ ਅਤੇ ਤੱਤਸਾਰ: ਮਾਇਆ ਨੂੰ ਇਸ ਪਉੜੀ ਵਿਚ ਅਗਨੀ ਨਾਲ ਤੁਲ ਕੀਤਾ ਹੈ। ਜਿਵੇਂ ਅਗਨੀ ਦੁਖਦਾਈ ਹੁੰਦੀ ਹੈ ਇਦਾਂ ਹੀ ਮਾਇਆ ਵੀ ਜੀਵ ਲਈ ਬਹੁਤ ਦੁਖਦਾਈ ਹੈ। ਜਿਉਂ ਹੀ ਜੀਵ ਗਰਭ ਤੋਂ ਬਾਹਰ ਆਉਂਦਾ ਹੈ, ਉਸੇ ਵਕਤ ਹੀ ਉਸਦੀ ਲਿਵ ਟੁੱਟ ਜਾਂਦੀ ਹੈ ਅਤੇ ਮਾਇਆ ਦੇ ਹੁਕਮ ਅਨੁਸਾਰ ਉਸਨੂੰ ਤ੍ਰਿਸ਼ਨਾ ਲਗ ਜਾਂਦੀ ਹੈ। ਫੇਰ ਜੀਵ ਮਾਇਆ ਦੇ ਪ੍ਰਭਾਵ ਥਲੇ ਹਰੀ ਨੂੰ ਵਿਸਾਰੀ ਰਖਦਾ ਹੈ ਅਤੇ ਮੋਹ ਮਾਇਆ ਅਤੇ ਦੂਜੇ ਭਾਉ ਦਾ ਗ੍ਰਸਿਆ ਹੋਇਆ ਮਾਇਆ ਦੇ ਧੰਧਿਆਂ ਵਿਚ ਹੀ ਫਸਿਆ ਰਹਿੰਦਾ ਹੈ। ਕਦੇ ਵੀ ਪ੍ਰਭੂ ਵਲ ਉਸਦਾ ਧਿਆਨ ਨਹੀਂ ਜਾਂਦਾ। ਜੇਕਰ ਵਡੇ ਭਾਗਾਂ ਕਰਕੇ ਸਤਿਗੁਰੂ ਦਾ ਮਿਲਾਪ ਹੋ ਜਾਵੇ ਤਾਂ ਗੁਰਮਤਿ ਨੂੰ ਧਾਰਨ ਕਰਕੇ ਉਹ ਹਰੀ ਨਾਲ ਲਿਵ ਲਾ ਸਕਦਾ ਹੈ। ਫੀ ਜ਼ਮਾਨਾ ਗੁਰੂ ਨੂੰ ਧਾਰਨ ਕਰਨ ਦਾ ਤਰੀਕਾ ਇਹੋ ਹੈ ਕਿ ਗੁਰੂ ਦੇ ਵਰੋਸਾਏ ਹੋਏ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਲੈ ਕੇ ਸਿਖ ਬਣੇ ਅਤੇ ਸ੍ਰੀ ਦਸਮੇਸ਼ ਜੀ ਦੀ ਰਹਿਤ ਪਰਪੱਕਤਾ ਨਾਲ ਰੱਖਦਾ ਹੋਇਆ ਗੁਰਮਤਿ ਨਾਮ ਅਭਿਆਸ ਕਮਾਈ ਕਰੇ। | | | |
| ਹਰਿ ਆਪਿ ਅਮੁਲਕੁ ਹੈ, ਮੁਲਿ ਨ ਪਾਇਆ ਜਾਇ ॥ | | ਅਮੁਲਕੁ = ਜਿਸਦੀ ਕੀਮਤ ਨਾ ਪਵੇ, ਅਮੋਲ; ਮੁਲਿ = ਕੀਮਤ ਰਾਹੀਂ, ਮੁੱਲ ਦੁਆਰਾ। | ਆਪ ਹਰੀ ਪ੍ਰਭੂ ਅਮੋਲ ਹੈ; ਇਸ ਕਰਕੇ ਉਹ ਕਿਸੇ ਮੁੱਲ ਰਾਹੀਂ ਜਾਂ ਕੀਮਤ ਰਾਹੀਂ ਨਹੀਂ ਪਾਇਆ ਜਾ ਸਕਦਾ। |
| ਮੁਲਿ ਨ ਪਾਇਆ ਜਾਇ, ਕਿਸੈ ਵਿਟਹੁ, ਰਹੇ ਲੋਕ ਵਿਲਲਾਇ ॥ | ਵਿਟਹੁੰ | ਮੁਲਿ = ਕੀਮਤ ਰਾਹੀਂ, ਮੁੱਲ ਦੁਆਰਾ; ਵਿਟਹੁ = ਤੋਂ; ਵਿਲਲਾਇ = ਤਰਲੇ ਲੈਣੇ, ਤੜਫਨਾ। | ਕਿਸੇ ਪਾਸੋਂ ਵੀ ਪ੍ਰਭੂ ਮੁੱਲ ਦੁਆਰਾ ਨਹੀਂ ਪਾਇਆ ਜਾ ਸਕਦਾ, ਭਾਂਵੇਂ ਲੋਕ ਤੜਫ ਰਹੇ ਹਨ ਉਸਨੂੰ ਪਾਉਣ ਲਈ।<br><br>ਲੋਕ ਵਿਲਲਾਇ ਰਹੇ ਹਨ ਭਾਵ ਤੜਫ ਰਹੇ ਹਨ, ਕਈ ਤਰ੍ਹਾਂ ਦੇ ਧਾਰਮਕ ਕਰਮ ਕਰਦੇ ਹਨ ਉਸਨੂੰ ਪ੍ਰਾਪਤ ਕਰਨ ਲਈ ਪਰ ਸਫਲ ਨਹੀਂ ਹੁੰਦੇ ਕਿਉਂਕਿ ਪ੍ਰਭੂ ਕੇਵਲ ਸਤਿਗੁਰੂ ਰਾਹੀਂ, ਗੁਰਮਤਿ ਧਾਰਨ ਕਰਨ ਨਾਲ ਮਿਲਦਾ ਹੈ। |
| ਐਸਾ ਸਤਿਗੁਰੁ ਜੇ ਮਿਲੈ, ਤਿਸ ਨੋ ਸਿਰੁ ਸਉਪੀਐ, ਵਿਚਹੁ ਆਪੁ ਜਾਇ ॥ | ਸਉਂਪੀਐ, ਵਿਚਹੁੰ | ਸਉਪੀਐ = ਸਉਂਪ ਦੇਵੋ, ਅਰਪਨ ਕਰੋ; ਆਪੁ = ਆਪਾ, ਹੰਕਾਰ, ਹਉਮੈ।<br><br>"ਆਪੁ" ਅਤੇ "ਆਪਿ" ਵਿਚ ਫਰਕ ਨੋਟ ਕਰਨਾ ਚਾਹੀਦਾ ਹੈ। "ਆਪੁ" ਨਾਂਵ ਹੈ ਅਤੇ ਅਰਥ ਹੈ ਆਪਾ ਜਦਕਿ "ਆਪਿ" ਪੜਨਾਂਵ ਹੈ। | (ਹੁਣ ਤਰੀਕਾ ਦਸਦੇ ਹਨ ਕਿ ਕਿਵੇਂ ਪ੍ਰਾਪਤ ਕਰਨਾ ਹੈ ਪ੍ਰਭੂ ਨੂੰ) ਐਸਾ ਸਤਿਗੁਰੂ ਜੇ ਮਿਲ ਪਵੇ, ਜਿਸਦੇ ਮਿਲਣ ਨਾਲ ਵਿਚੋਂ ਆਪਾ (ਹਉਮੈ) ਚਲਿਆ ਜਾਵੇ ਤਾਂ ਉਸਨੂੰ ਸਿਰ ਸਉਂਪ ਦੇਣਾ ਚਾਹੀਦਾ ਹੈ।<br><br>ਇਥੇ ਸਪਸ਼ਟ ਹੈ ਕਿ ਸੰਮ੍ਰਥ ਸਤਿਗੁਰੂ ਦੀ ਨਿਸ਼ਾਨੀ ਹੈ ਕਿ ਉਹ ਜੀਵ ਦੇ ਵਿਚੋਂ ਆਪਾ ਗਵਾ ਦੇਵੇ। ਜੋ ਵੀ ਗੁਰਮਤਿ ਧਾਰਨ ਕਰਦਾ ਹੈ, ਉਸਦਾ ਆਪਾ ਚਲਿਆ ਜਾਂਦਾ ਹੈ ਬਸ਼ਰਤੇ ਉਹ ਸਾਰੀ ਗੁਰਮਤਿ ਧਾਰਨ ਕਰੇ ਨਾ ਕਿ ਮਨਮਰਜ਼ੀ ਦੇ ਹੁਕਮ ਹੀ ਮੰਨੇ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਜਿਸ ਦਾ ਜੀਉ, ਤਿਸੁ ਮਿਲਿ ਰਹੈ, ਹਰਿ ਵਸੈ ਮਨਿ ਆਇ ॥ | | ਜੀਉ = ਜੀਵ, ਆਤਮਾ; ਮਨਿ = ਮਨ ਵਿਚ। | ਜਿਸਦਾ ਇਹ ਜੀਉੜਾ (ਆਤਮਾ) ਹੈ ਉਸਨੂੰ (ਪ੍ਰਭੂ ਨੂੰ) ਮਿਲਿਆ ਰਹਿੰਦਾ ਹੈ ਜੇਕਰ ਹਰੀ (ਗੁਰਮਤਿ ਹਰਿਨਾਮ) ਇਸਦੇ ਮਨ ਵਿਚ ਆਇ ਵਸੇ।<br><br>ਜੇਕਰ ਜੀਵਾਤਮਾ ਦੇ ਮਨ ਵਿਚ ਹਰੀ ਵੱਸਦਾ ਹੋਵੇ ਭਾਵ ਮਨ ਵਿਚ ਹਰਿਨਾਮ ਵੱਸਦਾ ਹੋਵੇ ਤਾਂ ਜੀਵਾਤਮਾ ਪ੍ਰਭੂ ਨੂੰ ਮਿਲੀ ਰਹਿੰਦੀ ਹੈ। |
| ਹਰਿ ਆਪਿ ਅਮੁਲਕੁ ਹੈ, ਭਾਗ ਤਿਨਾ ਕੇ, ਨਾਨਕਾ, ਜਿਨ ਹਰਿ ਪਲੈ ਪਾਇ ॥੩੦॥ | ਤਿਨਾਂ | ਅਮੁਲਕੁ = ਜਿਸਦੀ ਕੀਮਤ ਨਾ ਪਵੇ, ਅਮੋਲ; ਮੁਲਿ = ਕੀਮਤ। | ਗੁਰੂ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਹਰੀ ਆਪ ਅਮੋਲਕ ਹੈ, ਉਹਨਾਂ ਦੇ ਭਾਗ (ਵਡੇ) ਹਨ ਜਿਨ੍ਹਾਂ ਦੇ ਪੱਲੇ ਹਰੀ ਪੈ ਜਾਂਦਾ ਹੈ ਭਾਵ ਜਿਨਾਂ ਨੂੰ ਹਰੀ ਮਿਲ ਪੈਂਦਾ ਹੈ। |
| ਸਾਰੰਸ਼ ਅਤੇ ਤੱਤਸਾਰ: ਅਨੇਕਾਂ ਧਾਰਮਕ ਲੋਕ ਪ੍ਰਭੂ ਰੂਪੀ ਸਚ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਉਹ ਕੀ ਕੀ ਜਤਨ ਨਹੀਂ ਕਰਦੇ ਇਸ ਕਾਰਜ ਲਈ। ਘਰ ਬਾਰ ਛਡਕੇ ਸੰਨਿਆਸੀ ਬਣਕੇ ਧਰਤੀ ਤੇ ਭਰਮਦੇ ਫਿਰਦੇ ਹਨ, ਇਸਤ੍ਰੀ ਅਤੇ ਬਚਿਆਂ ਦਾ ਤਿਆਗ ਕਰਕੇ ਜੰਗਲਾਂ ਵਿਚ ਅਤੇ ਤੀਰਥਾਂ ਤੇ ਮਾਰੇ ਮਾਰੇ ਫਿਰਦੇ ਹਨ ਅਤੇ ਹੋਰ ਅਨੇਕਾਂ ਹੀ ਕਸ਼ਟਦਾਇਕ ਕਰਮ ਕਰਦੇ ਹਨ ਪਰ ਪੂਰਨ ਜੁਗਤੀ ਤੋਂ ਵਿਹੂਣੇ ਉਹ ਪ੍ਰਭੂ ਪ੍ਰਾਪਤੀ ਵਲੋਂ ਕੋਰੇ ਹੀ ਰਹਿੰਦੇ ਹਨ। ਜੇਕਰ ਸਤਿਗੁਰੂ ਮਿਲ ਪਵੇ, ਜਿਸਦੇ ਮਿਲਣ ਨਾਲ ਹਰੀ ਮਨ ਵਿਚ ਵਸ ਜਾਂਦਾ ਹੈ ਤਾਂ ਉਸ ਸਤਿਗੁਰੂ ਨੂੰ ਸੀਸ ਭੇਟ ਕਰ ਦੇਣਾ ਚਾਹੀਦਾ ਹੈ ਭਾਵ ਉਸਦੀ ਆਗਿਆ ਪੂਰੀ ਤਰ੍ਹਾਂ ਮੰਨਣੀ ਚਾਹੀਦੀ ਹੈ। ਆਗਿਆ ਮੰਨਣ ਨਾਲ ਹੀ ਹਰੀ ਮਨ ਵਿਚ ਵਸਦਾ ਹੈ। ਰਹਿਤ ਬਹਿਤ ਅਤੇ ਹੋਰ ਗੁਰਮਤਿ ਦੇ ਅਸੂਲਾਂ ਨੂੰ ਇੰਨ ਬਿੰਨ ਮੰਨਣਾ ਚਾਹੀਦਾ ਹੈ ਨਾ ਕਿ ਮਨਮਰਜ਼ੀ ਦੇ ਹੁਕਮ ਮੰਨਣੇ ਚਾਹੀਦੇ ਹਨ। | | | |
| ਹਰਿ ਰਾਸਿ ਮੇਰੀ, ਮਨੁ ਵਣਜਾਰਾ ॥ | | ਰਾਸਿ = ਵਾਪਾਰ ਲਈ ਵਰਤੀ ਜਾਂਦੀ ਪੂੰਜੀ, ਰਾਸ਼ੀ; ਵਣਜਾਰਾ = ਵਣਜ ਕਰਨਵਾਲਾ, ਵਾਪਾਰੀ। | ਹਰੀ (ਦਾ ਨਾਮ) ਮੇਰੀ ਰਾਸਿ ਹੈ ਅਤੇ ਮੇਰਾ ਮਨ ਵਣਜਾਰਾ ਬਣਿਆ ਹੋਇਆ ਹੈ। |
| ਹਰਿ ਰਾਸਿ ਮੇਰੀ, ਮਨੁ ਵਣਜਾਰਾ, ਸਤਿਗੁਰ ਤੇ ਰਾਸਿ ਜਾਣੀ ॥ | | ਰਾਸਿ = ਵਾਪਾਰ ਲਈ ਵਰਤੀ ਜਾਂਦੀ ਪੂੰਜੀ, ਰਾਸ਼ੀ; ਵਣਜਾਰਾ = ਵਣਜ ਕਰਨਵਾਲਾ, ਵਾਪਾਰੀ। | ਹਰੀ (ਦਾ ਨਾਮ) ਮੇਰੀ ਰਾਸਿ ਹੈ ਅਤੇ ਮਨ ਵਣਜਾਰਾ ਹੈ। ਇਹ ਰਾਸਿ ਮੈ ਸਤਿਗੁਰੂ ਤੋਂ ਜਾਣੀ ਹੈ।<br><br>ਇਥੇ ਹਰੀ ਤੋਂ ਭਾਵ ਹਰੀ ਦਾ ਨਾਮ ਹੈ ਕਿਉਂਕਿ ਸਤਿਗੁਰੂ ਪਾਸੋਂ ਇਹ ਨਾਮ ਦੀ ਰਾਸਿ ਹੀ ਜਾਣੀ ਜਾਂਦੀ ਹੈ। ਨਾਮ ਦੀ ਕਮਾਈ ਕਰਕੇ ਨਾਮੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਦੂਜੀ ਗਲ ਹੈ ਕਿ ਵਣਜਾਰਾ ਮਨ ਹੈ; ਸੋ ਜਦੋਂ ਤੱਕ ਮਨ ਨਾਮ ਨਹੀਂ ਜਪਦਾ ਉਦੋਂ ਤੱਕ ਭਗਤੀ ਕੀਤੀ ਗਿਣੀ ਨਹੀਂ ਜਾਂਦੀ। |
| ਹਰਿ ਹਰਿ ਨਿਤ ਜਪਿਹੁ ਜੀਅਹੁ, ਲਾਹਾ ਖਟਿਹੁ ਦਿਹਾੜੀ ॥ | ਜੀਅਹੁੰ | ਜਪਿਹੁ = ਜਪਿਆ ਕਰੋ; ਜੀਅਹੁ = ਦਿਲੋਂ, ਮਨ ਕਰਕੇ; ਖਟਿਹੁ = ਖਟਿਆ ਕਰੋ; ਦਿਹਾੜੀ = ਹਰ ਦਿਹਾੜੀ, ਹਰ ਰੋਜ਼। | ਹਰੀ ਹਰੀ ਭਾਵ ਗੁਰਮਤਿ ਨਾਮ ਰੋਜ਼ ਜਪਿਆ ਕਰੋ ਮਨ ਕਰਕੇ ਇਸ ਤਰ੍ਹਾਂ ਹਰ ਰੋਜ਼ (ਹਰ ਦਿਹਾੜੀ) ਲਾਹਾ ਖਟਿਆ ਕਰੋ। |
| ਏਹੁ ਧਨੁ ਤਿਨਾ ਮਿਲਿਆ, ਜਿਨ ਹਰਿ ਆਪੇ ਭਾਣਾ ॥ | ਤਿਨਾਂ | ਧਨੁ = ਸੱਚਾ ਨਾਮ ਧਨ। | ਇਹ ਧਨ (ਨਾਮ ਧਨ) ਉਹਨਾਂ ਨੂੰ ਮਿਲਿਆ ਹੈ ਜਿਨਾਂ ਨੂੰ (ਇਹ ਧਨ ਦੇਣਾ) ਹਰੀ ਨੂੰ ਆਪੇ ਭਾਇਆ ਹੈ ਭਾਵ ਚੰਗਾ ਲਗਿਆ ਹੈ।<br><br>ਇਹ ਗੁਰਮਤਿ ਦਾ ਸਿਧਾਂਤ ਹੈ ਕਿ ਗੁਰੂ ਤਿਨਾਂ ਨੂੰ ਮਿਲਦਾ ਹੈ ਜਿਨਾਂ ਨੂੰ ਹਰੀ ਚਾਹੁੰਦਾ ਹੈ ਕਿ ਮਿਲੇ। |
| ਕਹੈ ਨਾਨਕੁ, ਹਰਿ ਰਾਸਿ ਮੇਰੀ, ਮਨੁ ਹੋਆ ਵਣਜਾਰਾ ॥੩੧॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਰਾਸਿ = ਵਾਪਾਰ ਲਈ ਵਰਤੀ ਜਾਂਦੀ ਪੂੰਜੀ, ਰਾਸ਼ੀ; ਵਣਜਾਰਾ = ਵਣਜ ਕਰਨਵਾਲਾ ਵਾਪਾਰੀ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਹਰੀ (ਦਾ ਨਾਮ) ਮੇਰੀ ਪੂੰਜੀ ਹੈ ਅਤੇ ਮੇਰਾ ਮਨ ਵਣਜਾਰਾ ਬਣਿਆਂ ਹੋਇਆ ਹੈ। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਬਹੁਤ ਹੀ ਅਹਿਮ ਗੁਰਮਤਿ ਦੇ ਅਸੂਲ ਦਰਜ ਹਨ। ਹਰੀ ਦਾ ਨਾਮ ਅਸਲ ਪੂੰਜੀ ਹੈ ਜਿਸ ਨਾਲ ਸੱਚਾ ਵਾਪਾਰ ਹੁੰਦਾ ਹੈ ਪਰ ਇਹ ਰਾਸਿ ਸਤਿਗੁਰੂ ਪਾਸੋਂ ਹੀ ਜਾਣੀ ਜਾਂਦੀ ਹੈ। ਮਨ ਵਣਜਾਰਾ ਹੈ ਜਿਸਦਾ ਭਾਵ ਹੈ ਕਿ ਜਦੋਂ ਤੱਕ ਮਨ ਭਗਤੀ ਵਿਚ ਸ਼ਾਮਲ ਨਾ ਹੋਵੇ, ਉਦੋਂ ਤੱਕ ਭਗਤੀ ਕੀਤੀ ਮੰਨੀ ਨਹੀਂ ਜਾ ਸਕਦੀ। ਜੇਕਰ ਉਪਰੋਂ ਉਪਰੋਂ ਮੂੰਹ ਰਾਹੀਂ ਜਾਂ ਸਰੀਰ ਰਾਹੀਂ ਨਾਮ ਜਪਿਆ ਜਾਵੇ ਜਾਂ ਧਾਰਮਕ ਕੰਮ ਕੀਤੇ ਜਾਣ ਪਰ ਮਨ ਹੋਰ ਸੋਚਾਂ ਸੋਚਦਾ ਹੋਵੇ ਤਾਂ ਅਜਿਹੇ ਕਰਮ ਦਰ ਕਬੂਲ ਨਹੀਂ ਹੁੰਦੇ ਕਿਉਂਕਿ ਵਣਜਾਰਾ ਤਾਂ ਮਨ ਹੈ ਅਤੇ ਜੇਕਰ ਮਨ ਵਣਜਾਰੇ ਨੇ ਹੀ ਵਣਜ ਨਹੀਂ ਕੀਤਾ ਤਾਂ ਨਾਮ ਜਪਿਆ ਜਾਂ ਗੁਰਬਾਣੀ ਦਾ ਪਾਠ ਕੀਤਾ ਕਿਵੇਂ ਕਬੂਲ ਹੋ ਸਕਦਾ ਹੈ। ਇਹ ਹਰਿ ਹਰਿ ਵਾਲਾ ਸੱਚਾ ਵਣਜ ਰੋਜ਼ ਕਰਨਾ ਚਾਹੀਦਾ ਹੈ ਅਤੇ ਰੋਜ਼ ਹੀ ਇਹ ਲਾਹਾ ਖਟਣਾ ਚਾਹੀਦਾ ਹੈ ਭਾਵ ਹਰ ਰੋਜ਼ ਨੇਮ ਨਾਲ ਅੰਮ੍ਰਿਤ ਵੇਲਾ ਕਰਨਾ ਚਾਹੀਦਾ ਹੈ ਅਤੇ ਲਗਾਤਾਰ ਨਾਮ ਜਪਣਾ ਚਾਹੀਦਾ ਹੈ, ਮਨ ਕਰਕੇ। ਤਾਂ ਗਲ ਬਣਦੀ ਹੈ। | | | |
| ਏ ਰਸਨਾ, ਤੂ ਅਨ ਰਸਿ ਰਾਚਿ ਰਹੀ, ਤੇਰੀ ਪਿਆਸ ਨ ਜਾਇ ॥ | | ਰਸਨਾ = ਜੀਭ; ਅਨ = ਹੋਰ; ਰਸਿ = ਰਸ ਵਿਚ; ਰਾਚਿ ਰਹੀ = ਰਚੀ ਹੋਈ ਹੈਂ, ਲਗੀ ਹੋਈ ਹੈਂ। | ਹੇ ਰਸਨਾ, ਤੂੰ ਹੋਰ ਰਸ ਵਿਚ ਰਚੀ ਹੋਈ ਹੈਂ (ਪਰ) ਤੇਰੀ ਪਿਆਸ ਨਹੀਂ ਜਾਂਦੀ।<br><br>ਇਹ ਗੁਰੂ ਜੀ ਦਾ ਐਲਾਨ ਹੈ ਕਿ ਹਰਿਰਸ ਤੋਂ ਬਿਨਾਂ ਹੋਰ ਰਸਾਂ ਨਾਲ ਕਦੇ ਤ੍ਰਿਪਤੀ ਨਹੀਂ ਹੁੰਦੀ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਪਿਆਸ ਨ ਜਾਇ ਹੋਰਤੁ ਕਿਤੈ, ਜਿਚਰੁ, ਹਰਿ ਰਸੁ ਪਲੈ ਨ ਪਾਇ ॥ | | ਹੋਰਤੁ ਕਿਤੈ = ਹੋਰ ਕਿਸੇ ਥਾਂ ਤੋਂ; ਜਿਚਰ = ਜਦੋਂ ਤਕ, ਜਿਥੋਂ; ਹਰਿ ਰਸੁ = ਨਾਮ ਜਪ ਕੇ ਮਿਲਣ ਵਾਲਾ ਰੱਬੀ ਸੁਆਦ। | (ਤੇਰੀ) ਪਿਆਸ ਹੋਰ ਕਿਸੇ ਥਾਂ ਤੋਂ ਜਿਥੋਂ ਹਰਿ ਰਸ ਪੱਲੇ ਨਹੀਂ ਪੈਂਦਾ, ਨਹੀਂ ਜਾ ਸਕਦੀ।<br><br>ਇਸਦਾ ਅਰਥ ਦਾਨੇ ਅਕਸਰ ਇਦਾਂ ਕਰਦੇ ਹਨ ਕਿ ਤੇਰੀ ਪਿਆਸ ਹੋਰ ਕਿਸੇ ਥਾਂ ਤੋਂ ਨਹੀਂ ਜਾਣੀ ਜਦੋਂ ਤੱਕ ਹਰਿ ਰਸ ਤੇਰੇ ਪੱਲੇ ਨਹੀਂ ਪੈਂਦਾ ਪਰ ਸੋਚਣ ਵਾਲੀ ਗਲ ਹੈ ਕਿ ਜਦੋਂ ਹਰਿ ਰਸ ਪੱਲੇ ਪੈ ਗਿਆ, ਕੀ ਉਦੋਂ ਹੋਰ ਥਾਂਵਾਂ ਤੋਂ ਪਿਆਸ ਚਲੀ ਜਾਵੇਗੀ। ਜਿਚਰ ਦਾ ਆਮ ਤੌਰ ਤੇ ਅਰਥ ਹੁੰਦਾ ਹੈ - ਜਦੋਂ ਤੱਕ - ਪਰ ਇਥੇ ਇਸਦਾ ਅਰਥ ਲਗਦਾ ਹੈ - ਜਿਥੋਂ। ਭਾਵ ਹੈ ਕਿ ਹੋਰਤ ਕਿਤੇ ਜਿਥੋਂ ਹਰਿ ਰਸ ਪੱਲੇ ਨਾ ਪੈਂਦਾ ਹੋਵੇ, ਉਥੋਂ ਰਸਨਾ ਦੀ ਪਿਆਸ ਨਹੀਂ ਬੁਝ ਸਕਦੀ। |
| ਹਰਿ ਰਸੁ ਪਾਇ ਪਲੈ, ਪੀਐ ਹਰਿ ਰਸੁ, ਬਹੁੜਿ, ਨ ਤ੍ਰਿਸਨਾ ਲਾਗੈ ਆਇ ॥ | ਤ੍ਰਿਸ਼ਨਾ | ਬਹੁੜਿ = ਦੁਬਾਰਾ, ਫੇਰ।<br><br>'"ਨ" ਨੂੰ "ਬਹੁੜਿ" ਨਾਲ ਨਹੀਂ ਉਠਾਉਣਾ। ਇਸ ਦਾ ਸੰਬੰਧ "ਲਾਗੈ ਆਇ" ਨਾਲ ਹੈ। | ਜਦੋਂ ਰਸਨਾ ਹਰਿ ਰਸ ਪੱਲੇ ਪਾ ਲਵੇ (ਭਾਵ ਪ੍ਰਾਪਤ ਕਰ ਲਵੇ) ਅਤੇ ਹਰਿ ਰਸ ਪੀਵੇ, ਫੇਰ ਦੁਬਾਰਾ ਤ੍ਰਿਸ਼ਨਾ ਇਸ ਨੂੰ ਨਹੀਂ ਲਗਦੀ। |
| ਏਹੁ ਹਰਿ ਰਸੁ ਕਰਮੀ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥ | ਕਰਮੀਂ | ਕਰਮੀ = ਕਰਮਾਂ ਰਾਹੀਂ; ਸਤਿਗੁਰੁ = ਸਤਿਗੁਰੂ ਨਾਨਕ ਦੇਵ ਜੀ। | ਇਹ ਹਰਿ ਰਸ ਕਰਮਾਂ ਨਾਲ ਪ੍ਰਾਪਤ ਹੁੰਦਾ ਹੈ, ਜਿਸਨੂੰ ਸਤਿਗੁਰੂ ਆ ਕੇ ਮਿਲ ਪਵੇ। |
| ਕਹੈ ਨਾਨਕੁ, ਹੋਰਿ ਅਨ ਰਸ ਸਭਿ ਵੀਸਰੇ, ਜਾ, ਹਰਿ ਵਸੈ ਮਨਿ ਆਇ ॥੩੨॥ | ਵੀਸਰੇਂ, ਜਾਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਵੀਸਰੇ = ਵਿਸਰ ਜਾਂਦੇ ਹਨ; ਜਾਂ = ਜਦੋਂ; ਮਨਿ = ਮਨ ਵਿਚ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਹੋਰ ਅਨਰਸ ਸਾਰੇ ਵਿਸਰ ਜਾਂਦੇ ਹਨ ਜਦੋਂ ਹਰੀ ਮਨ ਵਿਚ ਆ ਵਸਦਾ ਹੈ। |

ਸਾਰੰਸ਼ ਅਤੇ ਤੱਤਸਾਰ: ਜੀਭ ਦੀ ਪਿਆਸ ਨਹੀਂ ਮਿਟਦੀ ਭਾਂਵੇਂ ਇਹ ਜੋ ਮਰਜ਼ੀ ਚਖ ਲਵੇ। ਸਦਾ ਹੋਰ ਰਸ ਹੀ ਭਾਲਦੀ ਰਹਿੰਦੀ ਹੈ। ਕਲਿਜੁਗ ਵਿਚ ਇੰਦ੍ਰੀ ਦਾ ਰਸ ਅਤੇ ਜੀਭ ਦਾ ਰਸ, ਇਹ ਦੋ ਪ੍ਰਧਾਨ ਹਨ ਅਤੇ ਇਹਨਾਂ ਰਸਾਂ ਦੇ ਅਧੀਨ ਹੋਇਆ ਜੀਵ ਪਾਪਾਂ ਦੀ ਪੰਡ ਬੰਨ ਕੇ ਇਥੋਂ ਲੈ ਜਾਂਦਾ ਹੈ। ਪਹਿਲਾਂ ਜਤਨ ਕਰਕੇ, ਗੁਰਮਤਿ ਵਿਰੋਧੀ ਹੋਣ ਕਰਕੇ, ਇਹਨਾਂ ਰਸਾਂ ਤੋਂ ਬਚਣਾ ਪੈਂਦਾ ਹੈ ਪਰ ਜਦੋਂ ਨਾਮ ਦਾ ਰਸ ਆ ਜਾਂਦਾ ਹੈ ਤਾਂ ਉਦੋ ਸਹੀ ਅਰਥਾਂ ਵਿਚ ਇਹਨਾਂ ਰਸਾਂ ਤੋਂ ਛੁਟਕਾਰਾ ਹੁੰਦਾ ਹੈ।

| | | | |
|---|---|---|---|
| ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰਖੀ, ਤਾ, ਤੂ ਜਗ ਮਹਿ ਆਇਆ ॥ | ਤਾਂ | ਸਰੀਰਾ = ਸੂਖਮ ਸਰੀਰ, ਜੋ ਕਿ ਇਸ ਅਸਥੂਲ ਸਰੀਰ ਵਿਚ ਰਹਿੰਦਾ ਹੈ;<br>ਜੋਤਿ = ਇਥੇ ਜੋਤਿ ਦਾ ਭਾਵ ਅਕਾਲ ਪੁਰਖ ਦੀ ਜੋਤਿ ਤੋਂ ਹੈ ਜੋ ਉਸਨੇ ਹਰੇਕ ਵਿਚ ਧਰੀ ਹੋਈ ਹੈ। | ਏ ਮੇਰਿਆ ਸਰੀਰਾ, ਹਰੀ ਨੇ ਤੇਰੇ ਵਿਚ ਆਪਣੀ ਜੋਤਿ ਰਖੀ ਤਾਂ ਤੂੰ ਜਗ ਵਿਚ ਆਇਆ ਹੈਂ। |
| ਹਰਿ ਜੋਤਿ ਰਖੀ ਤੁਧੁ ਵਿਚਿ, ਤਾ, ਤੂ ਜਗ ਮਹਿ ਆਇਆ ॥ | ਤਾਂ | ਜੋਤਿ = ਇਥੇ ਜੋਤਿ ਦਾ ਭਾਵ ਅਕਾਲ ਪੁਰਖ ਦੀ ਜੋਤਿ ਤੋਂ ਹੈ ਜੋ ਉਸਨੇ ਹਰੇਕ ਵਿਚ ਧਰੀ ਹੋਈ ਹੈ। | ਹਰੀ ਨੇ ਤੇਰੇ ਵਿਚ ਆਪਣੀ ਜੋਤਿ ਰਖੀ ਹੈ ਤਾਂ ਤੂੰ ਜਗ ਵਿਚ ਆਇਆ ਹੈਂ। |
| ਹਰਿ ਆਪੇ ਮਾਤਾ, ਆਪੇ ਪਿਤਾ, ਜਿਨਿ ਜੀਉ ਉਪਾਇ, ਜਗਤੁ ਦਿਖਾਇਆ ॥ | | ਜੀਉ = ਜੀਵ, ਆਤਮਾ; ਉਪਾਇ = ਪੈਦਾ ਕਰਕੇ। | (ਇਸ ਕਰਕੇ) ਜਿਸ ਹਰੀ ਨੇ ਜੀਉ ਉਪਾਇ ਕੇ ਉਸਨੂੰ ਜਗਤ ਦਿਖਾਇਆ ਹੈ, ਉਹ ਹਰੀ ਆਪੇ ਹੀ (ਜੀਵ ਦਾ) ਮਾਤਾ ਹੈ, ਆਪੇ ਹੀ ਪਿਤਾ ਹੈ। |
| ਗੁਰਪਰਸਾਦੀ ਬੁਝਿਆ, ਤਾ ਚਲਤੁ ਹੋਆ, ਚਲਤੁ ਨਦਰੀ ਆਇਆ ॥ | ਤਾਂ | ਚਲਤ = ਕੌਤਕ, ਚਮਤਕਾਰ। | ਗੁਰੂ ਦੀ ਕਿਰਪਾ ਨਾਲ ਜਦੋਂ ਬੁਝਿਆ ਤਾਂ ਚਮਤਕਾਰ ਹੋਇਆ ਅਤੇ ਇਹ ਕੌਤਕ ਹੀ ਨਜ਼ਰ ਆਇਆ।<br><br>ਇਥੇ ਗੁਰਪਰਸਾਦੀ ਕੀ ਬੁਝਿਆ ਹੈ, ਇਹ ਗੁਰੂ ਜੀ ਨੇ ਪੂਰਾ ਪਰਗਟ ਨਹੀਂ ਕੀਤਾ। ਇਦਾਂ ਪਰਤੀਤ ਹੁੰਦਾ ਹੈ ਕਿ ਗੁਰ ਦੀ ਕਿਰਪਾ ਨਾਲ ਜਗਤ ਦੇ ਰਚਨ ਦੀ ਅਸਲੀਅਤ ਬੁਝ ਲਈ। ਸਭ ਪਾਸੇ ਉਸਦੀ ਜੋਤਿ ਪਸਰ ਰਹੀ ਹੈ ਇਹ ਕਉਤਕ ਦੇਖਿਆ। |
| ਕਹੈ ਨਾਨਕੁ, ਸ੍ਰਿਸਟਿ ਕਾ ਮੂਲੁ ਰਚਿਆ, ਜੋਤਿ ਰਾਖੀ, ਤਾ, ਤੂ ਜਗ ਮਹਿ ਆਇਆ ॥੩੩॥ | ਸ੍ਰਿਸ਼ਟਿ, ਤਾਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਮੂਲੁ = ਜੜ੍ਹ; ਜੋਤਿ = ਅਕਾਲ ਪੁਰਖ ਦੀ ਜੋਤਿ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਸ੍ਰਿਸ਼ਟੀ ਦਾ ਮੂਲ ਰਚਿਆ (ਇਸ ਪ੍ਰਕਾਰ ਮੂਲ ਰਚਿਆ ਕਿ ਪਹਿਲਾਂ ਆਪਣੀ) ਜੋਤਿ ਰਖੀ ਤਾਂ ਤੂੰ ਇਸ ਜਗ ਵਿਚ ਆਇਆ ਹੈਂ। |

ਸਾਰੰਸ਼ ਅਤੇ ਤੱਤਸਾਰ: ਇਹ ਗੁਰਮਤਿ ਦਾ ਸਿਧਾਂਤ ਹੈ ਕਿ ਹਰੇਕ ਘਟ (ਸਰੀਰ) ਵਿਚ ਇਕ ਤਾਂ ਜੀਵ ਦੀ ਆਪਣੀ ਜੋਤਿ ਭਾਵ ਆਤਮਾ ਹੈ ਅਤੇ ਦੂਸਰੀ ਅਕਾਲ ਪੁਰਖ ਦੀ ਜੋਤਿ ਵੀ ਹਰੇਕ ਦੇ ਅੰਦਰ ਹੀ ਮੌਜੂਦ ਹੈ। ਅਕਾਲ ਪੁਰਖ ਦੀ ਜੋਤਿ ਅੰਦਰ ਹੈ ਅਤੇ ਇਸ ਅਕਾਲੀ ਜੋਤਿ ਨੂੰ ਆਤਮ ਦੇਵ ਅਤੇ ਆਤਮ ਰਾਮ ਦਾ ਨਾਂ ਗੁਰਬਾਣੀ ਵਿਚ ਦਿਤਾ ਗਿਆ ਹੈ। ਅਕਾਲ ਪੁਰਖ ਨੇ ਇਹ ਨਿਯਮ ਬਣਾਇਆ ਹੈ ਕਿ ਸਾਧਕ ਨੂੰ ਆਪਣੇ ਭੀਤਰ ਹੀ ਅਕਾਲ ਪੁਰਖ ਨੂੰ ਲਭਣਾ ਚਾਹੀਦਾ ਹੈ ਨਾ ਕੇ ਬਾਹਰ ਜੰਗਲਾਂ ਬੇਲਿਆਂ ਵਿਚ। ਇਸ ਪਉੜੀ ਵਿਚ ਗੁਰੂ ਜੀ ਜੀਵ ਨੂੰ ਇਕ ਮਹਾਨ ਆਸ਼ਵਾਸਨ ਦਿੰਦੇ ਹਨ ਕਿ ਹੇ ਜੀਵ ਤੂੰ ਇਕੱਲਾ ਨਹੀਂ ਹੈਂ ਅਤੇ ਅਕਾਲ ਪੁਰਖ ਨੇ ਤੈਨੂੰ ਇਥੇ ਦੁਨੀਆ ਵਿਚ ਇੱਕਲੇ ਨੂੰ ਨਹੀਂ ਭੇਜਿਆ। ਤੇਰੇ ਅੰਦਰ ਉਸਨੇ ਆਪਣੀ ਜੋਤਿ ਰਖੀ ਹੈ। ਸੋ ਤੂੰ ਘਬਰਾ ਨਾ ਅਤੇ ਡਰ ਨਾ। ਨਾ ਹੀ ਤੂੰ ਅਕਾਲ ਪੁਰਖ ਨੂੰ ਵਿਸਾਰ ਕੇ ਮਾੜੇ ਕੰਮ ਕਰੀਂ ਕਿਉਂਕਿ ਉਹ ਸਾਖੀ ਰੂਪ ਹੋ ਕੇ ਤੇਰੇ ਭੀਤਰ ਹੀ ਬੈਠਾ ਹੋਇਆ ਹੈ। ਇਸ ਪਉੜੀ ਤੇ ਪੂਰੀ ਸ਼ਰਧਾ ਲਿਆਉਣ ਨਾਲ ਸਿਖ ਇਕ ਤਾਂ ਬੇਖੌਫ ਹੋ ਜਾ ਜਾਂਦਾ ਹੈ ਅਤੇ ਦੂਸਰਾ ਉਹ ਅਕਾਲ ਪੁਰਖ ਨੂੰ ਅਤਿ ਨਿਕਟ ਜਾਣਦਾ ਹੋਇਆ ਪਾਪਾਂ ਤੋਂ ਸੰਕੋਚ ਕਰਦਾ ਹੈ।

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਮਨਿ ਚਾਉ ਭਇਆ, ਪ੍ਰਭ ਆਗਮੁ ਸੁਣਿਆ ॥ | | ਮਨਿ = ਮਨ ਵਿਚ; ਚਾਉ = ਉਤਸ਼ਾਹ, ਖੁਸ਼ੀ; ਭਇਆ = ਹੋਇਆ; ਪ੍ਰਭ ਆਗਮੁ = ਪ੍ਰਭੂ ਦਾ ਆਗਮਨ, ਪ੍ਰਭੂ ਦਾ ਆਉਣਾ। | ਮਨ ਵਿਚ ਬਹੁਤ ਚਾਉ ਉਮਾਓ ਹੋਇਆ ਜਦੋਂ ਪ੍ਰਭੂ ਦੇ ਆਗਮਨ ਬਾਰੇ ਸੁਣਿਆ।<br><br>ਸਾਧਕ ਨੂੰ ਗੁਰਮਤਿ ਸਾਧਨਾ ਕਰਦੇ ਨੂੰ ਇਹ ਯਕੀਨ ਹੋ ਗਿਆ ਕਿ ਹੁਣ ਅਕਾਲ ਪੁਰਖ ਭੀਤਰ ਪਰਗਟ ਹੋਣ ਵਾਲੇ ਹਨ ਜਿਸ ਕਰਕੇ ਮਨ ਵਿਚ ਬਹੁਤ ਖੁਸ਼ੀ ਮਹਿਸੂਸ ਹੋਈ। |
| ਹਰਿ ਮੰਗਲੁ ਗਾਉ, ਸਖੀ, ਗ੍ਰਿਹੁ ਮੰਦਰੁ ਬਣਿਆ ॥ | | ਮੰਗਲੁ = ਖੁਸ਼ੀ, ਖੁਸ਼ੀ ਦਾ ਗੀਤ; ਸਖੀ = ਹੇ ਸਹੇਲੀ; ਗ੍ਰਿਹੁ = ਘਰ, ਨਿਜ ਘਰ, ਹਿਰਦਾ; ਮੰਦਰੁ = ਪ੍ਰਭੂ ਦਾ ਨਿਵਾਸ ਅਸਥਾਨ; ਬਣਿਆ = ਬਣ ਗਿਆ ਹੈ। | ਹੇ ਸਖੀਓ, ਹਰਿ ਮੰਗਲ ਭਾਵ ਗੁਰਬਾਣੀ ਗਾਵੋ ਕਿਉਂਕਿ ਮੇਰਾ ਹਿਰਦਾ (ਘਰੁ) ਹੁਣ ਪ੍ਰਭੂ ਦਾ ਮੰਦਰ ਬਣ ਗਿਆ ਹੈ।<br><br>ਮੰਗਲ ਤੋਂ ਭਾਵ ਖੁਸ਼ੀ ਦਾ ਗੀਤ ਲੈਂਦੇ ਹਨ ਪਰ ਗੁਰਬਾਣੀ ਤੋਂ ਬਿਨਾਂ ਹੋਰ ਕਿਹੜਾ ਖੁਸ਼ੀ ਦਾ ਗੀਤ ਜਾਂ ਮੰਗਲ ਹੈ ਜੋ ਗੁਰਮੁਖਿ ਸਾਧਕ ਜਨ ਗਾਉਂਦੇ ਹਨ। ਤਾਂ ਤੇ ਇਥੇ ਹਰਿ ਮੰਗਲੁ ਦਾ ਅਰਥ ਸਿਧਾ ਹੀ ਗੁਰਬਾਣੀ ਦਾ ਲੈਣਾ ਚਾਹੀਦਾ ਹੈ। ਗ੍ਰਿਹੁ ਦਾ ਮੰਦਰੁ ਬਨਣਾ ਇਸ ਗਲ ਦਾ ਸੂਚਕ ਹੈ ਕਿ ਹਿਰਦਾ ਰੂਪੀ ਗ੍ਰਿਹ ਹੁਣ ਪ੍ਰਭੂ ਦੇ ਪਰਗਟ ਹੋਣ ਦੇ ਅਤੇ ਨਿਵਾਸ ਕਰਨ ਦੇ ਕਾਬਿਲ ਹੋ ਗਿਆ ਹੈ। ਮੇਰਾ ਗ੍ਰਿਹ ਹੁਣ ਮੰਦਰ ਬਣ ਗਿਆ ਹੈ। ਇਹ ਭਾਵ ਲੈਣਾ ਹੈ। ਜਦੋਂ ਹਿਰਦਾ ਮੰਦਰ ਬਣੇਗਾ, ਤਾਂ ਹੀ ਪ੍ਰਭੂ ਪਰਗਟ ਹੋਣਗੇ। ਜਦੋਂ ਹਿਰਦਾ ਬਿਕਾਰਾਂ ਅਤੇ ਹੋਰ ਮਾਇਆਵੀ ਮੈਲ ਤੋਂ ਮੁਕਤ ਹੋ ਜਾਵੇ, ਉਦੋਂ ਹੀ ਉਹ ਪ੍ਰਭੂ ਦੇ ਪਰਗਟ ਹੋਣ ਦੇ ਕਾਬਿਲ ਬਣਦਾ ਹੈ। |
| ਹਰਿ ਗਾਉ ਮੰਗਲੁ ਨਿਤ, ਸਖੀਏ, ਸੋਗੁ ਦੂਖੁ ਨ ਵਿਆਪਏ ॥ | | ਮੰਗਲੁ = ਖੁਸ਼ੀ ਦਾ ਗੀਤ ਭਾਵ ਗੁਰਬਾਣੀ; ਸਖੀਏ = ਹੇ ਸਹੇਲੀ; ਸੋਗੁ = ਸ਼ੋਕ, ਉਦਾਸੀ; ਵਿਆਪਏ = ਵਿਆਪਣਾ, ਹੋਣਾ। | ਹੇ ਸਖੀ, ਹਰੀ ਦਾ ਮੰਗਲ ਭਾਵ ਗੁਰਬਾਣੀ ਨਿਤ ਗਾਉ, ਫੇਰ ਦੁਖ ਅਤੇ ਸੋਗ ਨਹੀਂ ਵਿਆਪੇਗਾ।<br><br>ਇਥੇ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਜੇਕਰ ਸਿਖ ਰੋਜ਼ ਹਰੀ ਦਾ ਮੰਗਲ ਭਾਵ ਗੁਰਬਾਣੀ ਗਾਇਣ ਕਰੇ ਤਾਂ ਉਸਨੂੰ ਦੁਖ ਅਤੇ ਸੋਗ ਨਹੀਂ ਹੋ ਸਕਦਾ। ਗੁਰਬਾਣੀ ਰੂਪੀ ਮੰਗਲ ਗਾਉਣ ਨਾਲ ਅੰਦਰ ਖੁਸ਼ੀ ਉਪਜਦੀ ਹੈ ਅਤੇ ਦੁਖਾਂ ਰੋਗਾਂ ਦਾ ਡੇਰਾ ਚਕਿਆ ਜਾਂਦਾ ਹੈ। |
| ਗੁਰ ਚਰਨ ਲਾਗੇ, ਦਿਨ ਸਭਾਗੇ, ਆਪਣਾ ਪਿਰੁ ਜਾਪਏ ॥ | | ਸਭਾਗੇ = ਚੰਗੇ ਭਾਗਾਂ ਵਾਲੇ; ਪਿਰੁ = ਪਤੀ, ਅਕਾਲ ਪੁਰਖ। | (ਜੋ ਗੁਰਮੁਖਿ ਪਿਆਰੇ) ਸਭਾਗੇ ਦਿਨ ਗੁਰੂ ਦੇ ਚਰਨੀਂ ਲਗੇ ਹਨ ਅਤੇ ਉਹ ਆਪਣੇ ਪਿਰ (ਅਕਾਲ ਪੁਰਖ) ਨੂੰ ਜਪਦੇ ਹਨ। |
| ਅਨਹਤ ਬਾਣੀ, ਗੁਰ ਸਬਦਿ ਜਾਣੀ, ਹਰਿ ਨਾਮੁ ਹਰਿ ਰਸੁ ਭੋਗੋ ॥ | ਸ਼ਬਦਿ | ਅਨਹਤ ਬਾਣੀ = ਉਹ ਆਵਾਜ਼ ਜੋ ਆਹਤ ਭਾਵ ਰਗੜ ਤੋਂ ਬਿਨਾਂ ਉਪਜੇ, ਅਨਹਤ ਬਾਣੀ ਸਚਖੰਡੀ ਇਲਾਹੀ ਨਾਦ ਜੋ ਕਿ ਸਾਧਕ ਭਗਤੀ ਵਿਚ ਮਖਮੂਰ ਹੋ ਕੇ ਸੁਣਦਾ ਹੈ ਨੂੰ ਕਹਿੰਦੇ ਹਨ। ਇਹ ਜੋਗੀਆਂ ਅਤੇ ਰਾਧਾ ਸੁਆਮੀਆਂ ਵਾਲਾ ਨਕਲੀ ਨਾਦ ਨਹੀਂ ਹੈ ਬਲਕਿ ਸਚਖੰਡ ਵਿਚ ਅਕਾਲ ਪੁਰਖ ਦੀ ਹੋ ਰਹੀ ਸਿਫਤਿ ਸਾਲਾਹ ਹੈ।; ਗੁਰ ਸਬਦਿ = ਗੁਰੂ ਦੇ ਸ਼ਬਦ ਰਾਹੀਂ; ਭੋਗੋ = ਭੋਗ, ਹਰਿਨਾਮ ਰੂਪੀ ਅਤੇ ਹਰਿਰਸੁ ਰੂਪੀ ਭੋਗ।<br><br>"ਭੋਗੋ" ਇਥੇ ਕਿਰਿਆਵਾਚੀ ਸ਼ਬਦ ਨਹੀਂ ਹੈ ਬਲਕਿ ਨਾਂਵ ਹੈ ਜਿਸਦਾ ਅਰਥ ਹੈ ਭੋਗ। | ਗੁਰੂ ਦੇ ਸ਼ਬਦ ਰਾਹੀਂ ਅਨਹਤ ਬਾਣੀ ਜਾਣੀ ਅਤੇ ਹਰਿਨਾਮ ਰੂਪੀ ਅਤੇ ਹਰਿਰਸ ਰੂਪੀ ਭੋਗ ਪ੍ਰਾਪਤ ਹੋਇਆ। |
| ਕਹੈ ਨਾਨਕੁ, ਪ੍ਰਭੁ ਆਪਿ ਮਿਲਿਆ, ਕਰਣ ਕਾਰਣ ਜੋਗੋ ॥੩੪॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਕਰਣ ਕਾਰਣ = ਹੁਣ ਕਰਣ ਵਾਲਾ ਅਤੇ ਅਗੇ ਨੂੰ ਕਰਣਵਾਲਾ ਅਕਾਲ ਪੁਰਖ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਕਰਣਵਾਲਾ ਅਤੇ ਅਗੇ ਨੂੰ ਵੀ ਕਰਣਵਾਲਾ ਪ੍ਰਭੂ ਆਪ ਹੀ (ਕਿਰਪਾ ਕਰਕੇ) ਮਿਲਿਆ ਹੈ। |

ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਗੁਰੂ ਜੀ ਨੇ ਪ੍ਰਭੂ ਮਿਲਾਪ ਬਾਰੇ ਚਾਨਣਾ ਪਾਇਆ ਹੈ। ਪ੍ਰਭੂ ਉਦੋਂ ਮਿਲਦਾ ਹੈ ਜਦੋਂ ਜੀਵ ਦਾ ਹਿਰਦਾ ਰੂਪੀ ਘਰ, ਪ੍ਰਭੂ ਦੇ ਮੰਦਰ ਜੋਗਾ ਬਣ ਜਾਂਦਾ ਹੈ। ਪ੍ਰਭੂ ਸਵਛ ਹਿਰਦੇ ਵਿਚ ਹੀ ਪਰਗਟ ਹੁੰਦਾ ਹੈ। ਬਿਕਾਰਾਂ ਵਾਲੀ ਸੜਾਂਦ ਵਾਲੀ ਗੰਦੀ ਥਾਂ ਤੇ ਪ੍ਰਭੂ ਕਿਵੇਂ ਆ ਸਕਦਾ ਹੈ? ਤਾਂ ਤੇ ਹਰਿ ਮੰਗਲ ਭਾਵ ਗੁਰਬਾਣੀ ਦਾ ਗਾਇਣ ਅਤੇ ਪਾਠ ਕਰਕੇ ਹਿਰਦਾ ਸ਼ੁਧ ਕਰੇ, ਗੁਰਮਤਿ ਨਾਮ ਅਭਿਆਸ ਕਮਾਈ ਕਰੇ, ਫੇਰ ਜਾ ਕੇ ਹਿਰਦਾ ਬਿਕਾਰਾਂ ਤੋਂ ਰਹਿਤ ਹੁੰਦਾ ਹੈ ਅਤੇ ਪ੍ਰਭੂ ਦਾ ਮੰਦਰ ਬਣਦਾ ਹੈ। ਗੁਰੂ ਜੀ ਨੇ ਸਮਝਾਇਆ ਹੈ ਕਿ ਜੇਕਰ ਹਰ ਰੋਜ਼ ਹਰਿ ਮੰਗਲ ਭਾਵ ਗੁਰਬਾਣੀ ਗਾਈ ਜਾਵੇ ਤਾਂ ਸੋਗ ਅਤੇ ਦੁਖ ਨਹੀਂ ਹੁੰਦਾ। ਹਰਿ ਮੰਗਲ ਤੋਂ ਭਾਵ ਨਿਜ ਮਤਿ ਨਾਲ ਬਣਾਇਆ ਹੋਇਆ ਗੀਤ ਨਹੀਂ ਹੈ ਬਲਕਿ ਸਰਬਗ ਸਤਿਗੁਰਾਂ ਵਲੋਂ ਗੁਰਬਾਣੀ ਦੇ ਰੂਪ ਵਿਚ ਪਰਗਟ ਕੀਤੇ ਇਲਾਹੀ ਗੀਤ ਹਨ। ਹੋਰ ਦਸੋ ਕਿਹੜੀ ਕਵਿਤਾ ਜਾਂ ਰਚਨਾ ਹੈ ਜਿਸਦੇ ਗਾਉਣ ਨਾਲ ਸੋਗ ਦੁਖ ਨਹੀਂ ਹੁੰਦਾ?

| | | | |
|---|---|---|---|
| ਏ ਸਰੀਰਾ ਮੇਰਿਆ, ਇਸੁ ਜਗ ਮਹਿ ਆਇ ਕੈ, ਕਿਆ, ਤੁਧੁ ਕਰਮ ਕਮਾਇਆ ॥ | | ਸਰੀਰਾ = ਸੂਖਮ ਸਰੀਰ, ਜੋ ਕਿ ਇਸ ਅਸਥੂਲ ਸਰੀਰ ਵਿਚ ਰਹਿੰਦਾ ਹੈ; ਕਮਾਇਆ = ਕਮਾਏ। | ਏ ਮੇਰਿਆ ਸਰੀਰਾ, ਇਸ ਜਗ ਵਿਚ ਆ ਕੇ ਤੂੰ ਕੀ ਕਰਮ ਕਮਾਏ ਹਨ? |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਕਿ ਕਰਮ ਕਮਾਇਆ ਤੁਧੁ, ਸਰੀਰਾ, ਜਾ ਤੂ ਜਗ ਮਹਿ ਆਇਆ ॥ | ਜਾਂ | ਕਰਮ ਕਮਾਇਆ = ਕਰਮ ਕਮਾਏ। | ਦੱਸ ਤੂੰ ਕੀ ਕਰਮ ਕਮਾਏ ਹਨ, ਹੇ ਸਰੀਰਾ, ਜਦੋਂ ਦਾ ਤੂੰ ਜਗ ਵਿਚ ਆਇਆ ਹੈਂ? |
| ਜਿਨਿ ਹਰਿ ਤੇਰਾ ਰਚਨੁ ਰਚਿਆ, ਸੋ ਹਰਿ ਮਨਿ ਨ ਵਸਾਇਆ ॥ | | ਰਚਨੁ ਰਚਿਆ = ਰਚਨਾ ਰਚੀ ਭਾਵ ਘਾੜਤ ਘੜੀ; ਮਨਿ = ਮਨ ਵਿਚ। | ਜਿਸ ਹਰੀ ਨੇ ਤੇਰਾ ਰਚਨ ਰਚਿਆ ਹੈ, ਉਸ ਹਰੀ ਨੂੰ ਤੂੰ ਮਨ ਵਿਚ ਨਹੀਂ ਵਸਾਇਆ। |
| ਗੁਰਪਰਸਾਦੀ ਹਰਿ ਮੰਨਿ ਵਸਿਆ, ਪੂਰਬਿ ਲਿਖਿਆ ਪਾਇਆ ॥ | | ਗੁਰਪਰਸਾਦੀ = ਗੁਰੂ ਦੀ ਕਿਰਪਾ ਦੁਆਰਾ; ਮੰਨਿ = ਮਨ ਵਿਚ; ਪੂਰਬਿ ਲਿਖਿਆ = ਪਹਿਲਾਂ ਦਾ ਲਿਖਿਆ। | (ਗੁਰਮੁਖਿ ਦੀ ਗਲ ਕਰਦੇ ਹਨ ਕਿ) ਗੁਰੂ ਦੀ ਕਿਰਪਾ ਨਾਲ, ਹਰੀ ਮਨ ਵਿਚ ਵਸ ਗਿਆ ਹੈ, ਪੂਰਬਲਾ ਲਿਖਿਆ ਹੋਇਆ ਪ੍ਰਾਪਤ ਕਰ ਲਿਆ ਹੈ।<br><br>ਇਹ ਗੁਰਮਤਿ ਦਾ ਸਿਧਾਂਤ ਹੈ ਕਿ ਸਤਿਗੁਰੂ ਉਸੇ ਨੂੰ ਮਿਲਦਾ ਹੈ ਜਿਸਦੇ ਭਾਗ ਹੋਣ ਅਤੇ ਸਤਿਗੁਰੂ ਦੇ ਮਿਲਣ ਤੋਂ ਬਾਅਦ ਹੀ ਹਰੀ ਦਾ ਮਿਲਾਪ ਮੁਮਕਿਨ ਹੈ ਅਤੇ ਸੋ ਵੀ ਪੂਰਬਲੇ ਲਿਖੇ ਅਨੁਸਾਰ ਹੀ ਮੁਮਕਿਨ ਹੈ। |
| ਕਹੈ ਨਾਨਕੁ, ਏਹੁ ਸਰੀਰੁ ਪਰਵਾਣੁ ਹੋਆ, ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥ | ਸਿਉਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਪਰਵਾਣੁ = ਕਬੂਲ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ, ਇਹ ਸਰੀਰ ਪਰਵਾਨ ਹੋਇਆ ਹੈ ਜਿਸ ਸਰੀਰ ਨੇ ਸਤਿਗੁਰੂ ਨਾਲ ਚਿਤ ਲਾਇਆ ਹੈ ਭਾਵ ਸਤਿਗੁਰੂ ਦੀ ਆਗਿਆ ਮੰਨੀ ਹੈ। |
| ਸਾਰੰਸ਼ ਅਤੇ ਤੱਤਸਾਰ: ਸਰੀਰ ਨੂੰ ਸਿਧਾ ਸੰਬੋਧਨ ਕਰਕੇ ਸਤਿਗੁਰਾਂ ਨੇ ਖਬਰਦਾਰ ਕੀਤਾ ਹੈ, ਝੰਝੋੜਿਆ ਹੈ ਕਿ ਹੇ ਸਰੀਰਾ ਇਸ ਦੁਨੀਆ ਵਿਚ ਜੇਕਰ ਤੂੰ ਹਰੀ ਨੂੰ ਮਨ'ਚ ਨਹੀਂ ਵਸਾਇਆ ਤਾਂ ਦਸ ਤੂੰ ਕੀਤਾ ਕੀ ਹੈ। ਅਗੇ ਜਾ ਕੇ ਇਹ ਵੀ ਸਮਝਾ ਦਿਤਾ ਹੈ ਕਿ ਗੁਰੂ ਦੀ ਕਿਰਪਾ ਨਾਲ ਹਰੀ ਮਨ ਵਿਚ ਵਸਦਾ ਹੈ। ਤਾਂ ਤੇ ਮਾਇਆਵੀ ਦੌੜ ਵਲੋਂ ਹਟ ਕੇ ਪ੍ਰਭੂ ਪ੍ਰਾਪਤੀ ਦਾ ਕਾਰਜ ਕਰਨਾ ਹੀ ਗੁਰਮਤਿ ਹੈ। | | | |
| ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ, ਅਵਰੁ ਨ ਦੇਖਹੁ ਕੋਈ ॥ | | ਨੇਤ੍ਰਹੁ = ਅਖਾਂ, ਨੈਨ; ਮੇਰਿਹੋ = ਮੇਰਿਓ; ਜੋਤਿ ਧਰੀ = ਦੇਖਣ ਦੀ ਸਤਿਆ ਧਰੀ। | ਏ ਮੇਰਿਓ ਨੇਤਰੋ, ਹਰੀ ਨੇ ਤੁਹਾਡੇ ਵਿਚ ਜੋਤਿ (ਦੇਖਣ ਦੀ ਸਤਿਆ) ਧਰੀ ਹੈ (ਤਾਂ ਤੇ ਤੁਸੀਂ) ਹਰੀ ਤੋਂ ਬਿਨਾਂ ਕੋਈ ਹੋਰ ਨਾ ਦੇਖੋ। |
| ਹਰਿ ਬਿਨੁ, ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ ॥ | | ਨਦਰੀ = ਨਜ਼ਰ ਨਾਲ; ਨਿਹਾਲਿਆ = ਦੇਖੋ, ਨਿਹਾਰੋ। | ਹਰੀ ਬਿਨਾਂ ਹੋਰ ਕੋਈ ਨਾ ਦੇਖੋ; ਨਜ਼ਰ ਨਾਲ ਹਰੀ ਨੂੰ ਹੀ ਦੇਖੋ। |
| ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥ | | ਵਿਸੁ = ਵਿਸ਼ਵ, ਸਾਰਾ; ਨਦਰੀ = ਨਜ਼ਰ। | ਇਹ ਸਾਰਾ ਸੰਸਾਰ ਜੋ ਤੁਸੀਂ ਦੇਖਦੇ ਹੋ, ਇਹ ਹਰੀ ਦਾ ਰੂਪ ਹੈ (ਅਤੇ ਉਹਦੀ ਕਿਰਪਾ ਨਾਲ ਗੁਰਮੁਖਾਂ ਨੂੰ ਇਹ ਸੰਸਾਰ) ਹਰਿ ਰੂਪ ਹੀ ਨਜ਼ਰ ਆਇਆ ਹੈ। |
| ਗੁਰਪਰਸਾਦੀ ਬੁਝਿਆ, ਜਾ ਵੇਖਾ, ਹਰਿ ਇਕੁ ਹੈ, ਹਰਿ ਬਿਨੁ, ਅਵਰੁ ਨ ਕੋਈ ॥ | ਜਾਂ, ਵੇਖਾਂ | ਗੁਰਪਰਸਾਦੀ = ਗੁਰੂ ਦੀ ਕਿਰਪਾ ਦੁਆਰਾ; ਜਾ ਵੇਖਾ = ਜਦੋਂ ਦੇਖਿਆ। | ਮੈਂ ਹੁਣ ਗੁਰੂ ਦੀ ਕਿਰਪਾ ਨਾਲ ਬੁਝ ਲਿਆ ਅਤੇ (ਬੁਝਣ ਤੋਂ ਬਾਅਦ) ਦੇਖਦਾ ਹਾਂ ਕਿ ਇਕ ਹਰੀ ਹੀ (ਸਾਰੇ ਪਾਸੇ ਹੈ) ਹੈ ਅਤੇ ਹਰੀ ਬਿਨ ਹੋਰ ਕੋਈ ਨਹੀਂ ਹੈ। |
| ਕਹੈ ਨਾਨਕੁ, ਏਹਿ ਨੇਤ੍ਰ ਅੰਧ ਸੇ, ਸਤਿਗੁਰਿ ਮਿਲਿਐ, ਦਿਬ ਦ੍ਰਿਸਟਿ ਹੋਈ ॥੩੬॥ | ਦ੍ਰਿਸ਼ਟਿ, ਮਿਲਿਐਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਅੰਧ ਸੇ = ਅੰਨੇ ਸਨ; ਸਤਿਗੁਰਿ ਮਿਲਿਐ = ਸਤਿਗੁਰ ਦੇ ਮਿਲਣ ਕਰਕੇ; ਦਿਬ ਦ੍ਰਿਸਟਿ = ਦਿਵਯ ਦ੍ਰਿਸ਼ਟੀ; ਪੰਜ ਭੁਤਕ ਸੰਸਾਰ ਤੋਂ ਪਰੇ ਅਤੇ ਕਾਲ ਦੀ ਸੀਮਾ ਤੋਂ ਬਾਹਰ ਦੇਖਣ ਵਾਲੀ ਦ੍ਰਿਸ਼ਟੀ।<br><br>"ਅੰਧ ਸੇ" ਦਾ ਉਚਾਰਨ "ਅੰਧਸੇ" ਨਹੀਂ ਕਰਨਾ। "ਸੇ" ਦਾ ਭਾਵ ਹੈ "ਸਨ"। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਇਹ ਨੇਤਰ ਅੰਨੇ ਹੁੰਦੇ ਸੀ, ਸਤਿਗੁਰੂ ਨੂੰ ਮਿਲਣ ਕਰਕੇ ਹੁਣ ਦਿਬ ਦ੍ਰਿਸ਼ਟੀ ਹੋ ਗਈ ਹੈ। |
| ਸਾਰੰਸ਼ ਅਤੇ ਤੱਤਸਾਰ: ਨੇਤਰਾਂ ਨੂੰ ਉਪਦੇਸ਼ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਨੇਤਰਾਂ ਵਿਚ ਅਕਾਲ ਪੁਰਖ ਨੇ ਜੋਤਿ ਧਰੀ ਹੈ ਜਿਸ ਕਰਕੇ ਹਰ ਪਾਸੇ ਹਰੀ ਨੂੰ ਹੀ ਦੇਖਣਾ ਚਾਹੀਦਾ ਹੈ। ਸ਼ੁਕਰ ਗੁਜ਼ਾਰੀ ਦਾ ਤਕਾਜ਼ਾ ਹੈ ਕਿ ਜਿਸ ਹਰੀ ਨੇ ਸਾਡੇ ਵਿਚ ਦੇਖਣ ਦੀ ਸਤਿਆ ਧਰੀ ਹੈ, ਅਸੀਂ ਉਸ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਦੇਖੀਏ। ਹੋਰ ਕਿਸੇ ਸ਼ਕਤੀ ਅਗੇ, ਦੇਵੀ ਦੇਵਤੇ ਅਗੇ ਜਾਂ ਮਾਇਆ ਦੇ ਨਾਨਾ ਪ੍ਰਕਾਰੀ ਰੂਪਾਂ ਨੂੰ ਦੇਖ ਕੇ ਲੁਭਾਇਮਾਨ ਨਾ ਹੋਈਏ। ਗੁਰਮਤਿ ਧਾਰਨ ਕਰਨ ਕਰਕੇ ਗੁਰੂ ਜੀ ਜਦੋਂ ਬੁਝਾ ਦਿੰਦੇ ਹਨ ਤਾਂ ਫੇਰ ਤਾਂ ਪ੍ਰੱਤਖ ਹੀ ਹਰ ਪਾਸੇ ਹਰੀ ਦੀ ਜੋਤਿ ਪਸਰੀ ਹੋਈ ਦਿਸਦੀ ਹੈ। ਇਹ ਹਰੀ ਨੂੰ ਹਰ ਪਾਸੇ ਦੇਖਣ ਵਾਲੀ ਦਿਬ ਦ੍ਰਿਸ਼ਟਿ ਸਤਿਗੁਰੂ ਨੂੰ ਮਿਲਣ ਕਰਕੇ ਹੀ ਪ੍ਰਾਪਤ ਹੁੰਦੀ ਹੈ। | | | |
| ਏ ਸ੍ਰਵਣਹੁ ਮੇਰਿਹੋ, ਸਾਚੈ ਸੁਨਣੈ ਨੋ ਪਠਾਏ ॥ | ਨੋਂ | ਸ੍ਰਵਣਹੁ = ਸਰਵਨ, ਕੰਨ; ਮੇਰਿਹੋ = ਮੇਰਿਓ; ਸਾਚੈ = ਸਚੇ ਨੂੰ ਭਾਵ ਅਕਾਲ ਪੁਰਖ ਨੂੰ; ਸੁਨਣੈ ਨੋ = ਸੁਨਣ ਲਈ; ਪਠਾਏ = ਭੇਜੇ ਗਏ ਹੋ। | ਹੇ ਮੇਰਿਓ ਸ੍ਰਵਣੋ; ਤੁਸੀਂ ਸਾਚੇ ਪ੍ਰਭੂ ਨੂੰ ਸੁਨਣ ਲਈ ਇਸ ਦੁਨੀਆ ਵਿਚ) ਪਠਾਏ (ਭੇਜੇ) ਗਏ ਹੋ। |
| ਸਾਚੈ ਸੁਨਣੈ ਨੋ ਪਠਾਏ, ਸਰੀਰਿ ਲਾਏ, ਸੁਣਹੁ ਸਤਿ ਬਾਣੀ ॥ | | ਸਾਚੈ = ਸਚੇ ਨੂੰ ਭਾਵ ਅਕਾਲ ਪੁਰਖ ਨੂੰ; ਸੁਨਣੈ ਨੋ = ਸੁਨਣ ਲਈ; ਪਠਾਏ = ਭੇਜੇ ਗਏ ਹੋ; ਸਰੀਰਿ ਲਾਏ = ਸਰੀਰ ਤੇ ਲਾਏ ਹਨ; ਸਤਿ ਬਾਣੀ = ਗੁਰਾਂ ਦੀ ਸਚੀ ਬਾਣੀ, ਗੁਰਬਾਣੀ। | ਸਾਚੇ ਪ੍ਰਭੂ ਨੂੰ ਸੁਨਣ ਲਈ ਤੁਸੀਂ ਪਠਾਏ (ਭੇਜੇ) ਗਏ ਹੋ, ਸਰੀਰ ਨਾਲ ਤੁਸੀਂ ਇਸ ਕਰਕੇ ਲਾਏ ਗਏ ਹੋ ਤਾਂ ਕੇ ਤੁਸੀਂ ਸਚੀ ਬਾਣੀ ਸੁਣੋ (ਗੁਰਬਾਣੀ ਅਤੇ ਨਾਮ ਦੀ ਧੁਨਿ) ਸੁਣੋ। |
| ਜਿਤੁ ਸੁਣੀ, ਮਨੁ ਤਨੁ ਹਰਿਆ ਹੋਆ, ਰਸਨਾ ਰਸਿ ਸਮਾਣੀ ॥ | | ਜਿਤੁ ਸੁਣੀ = ਜਿਸ ਦੇ ਸੁਨਣ ਨਾਲ; ਹਰਿਆ ਹੋਇਆ = ਠੀਕ ਹੋ ਜਾਣਾ, ਸੁਅਸਥ ਹੋ ਜਾਣਾ; ਰਸਨਾ = ਜੀਭ; ਰਸਿ ਸਮਾਣੀ = ਰਸ ਵਿਚ ਸਮਾ ਜਾਂਦੀ ਹੈ। | (ਇਸ ਸਚੀ ਬਾਣੀ ਦੀ ਧੁਨਿ ਐਸੀ ਹੈ ਕਿ) ਜਿਸ ਦੇ ਸੁਨਣ ਕਰਕੇ, ਮਨ ਅਤੇ ਤਨ ਹਰਿਆ ਹੋ ਜਾਂਦਾ ਹੈ; ਰਸਨਾ ਰਸ ਵਿਚ ਸਮਾ ਜਾਂਦੀ ਹੈ ਭਾਵ ਸਰੀਰ ਅਤੇ ਮਨ ਆਰੋਗ ਹੋ ਜਾਂਦੇ ਹਨ, ਜੀਭ ਨੂੰ ਬਹੁਤ ਸੁਆਦ ਆਉਂਦਾ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਸਚੁ ਅਲਖ ਵਿਡਾਣੀ, ਤਾ ਕੀ ਗਤਿ, ਕਹੀ ਨ ਜਾਏ ॥ | | ਸਚੁ = ਪ੍ਰਭੂ ਰੂਪੀ ਸਚ ਪਦਾਰਥ; ਅਲਖ = ਜੋ ਲਖਿਆ ਨਾ ਜਾ ਸਕੇ; ਵਿਡਾਣੀ = ਹੈਰਾਨ ਕਰ ਦੇਣ ਵਾਲਾ, ਵਿਸਮਾਦ ਦੇਣਵਾਲਾ; ਗਤਿ = ਅੰਤ। | ਅਕਾਲ ਪੁਰਖ ਰੂਪੀ ਸਚ ਅਲਖ ਹੈ ਅਤੇ ਵਿਸਮਾਦੀ ਹੈ, ਉਸਦੀ ਗਤਿ ਕਹੀ ਨਹੀਂ ਜਾ ਸਕਦੀ। |
| ਕਹੈ ਨਾਨਕੁ, ਅੰਮ੍ਰਿਤ ਨਾਮੁ ਸੁਣਹੁ, ਪਵਿਤ੍ਰ ਹੋਵਹੁ, ਸਾਚੈ ਸੁਨਣੈ ਨੋ ਪਠਾਏ ॥੩੭॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਅੰਮ੍ਰਿਤ ਨਾਮ = ਮਿੱਠਾ ਅਤੇ ਅਮਰ ਕਰ ਦੇਣਵਾਲਾ ਗੁਰਮਤਿ ਨਾਮ; ਪਵਿਤ੍ਰ = ਨਿਰਮਲ; ਸਾਚੈ ਸੁਨਣੈ ਨੋ = ਸਚ ਸੁਨਣ ਲਈ; ਪਠਾਏ = ਭੇਜੇ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ ਹੇ ਸ੍ਰਵਣੋ ਤੁਸੀਂ ਸਾਚੇ ਪ੍ਰਭੂ ਨੂੰ ਸੁਨਣ ਲਈ ਇਸ ਜਗ ਵਿਚ ਪਠਾਏ ਗਏ ਹੋ ਤਾਂ ਤੇ ਤੁਸੀਂ ਮਿੱਠਾ ਅਤੇ ਅਮਰ ਕਰ ਦੇਣਵਾਲਾ ਗੁਰਮਤਿ ਨਾਮ ਸੁਣੋ ਅਤੇ (ਇਸ ਬਿਧਿ) ਪਵਿਤ੍ਰ ਹੋਵੋ। |

ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਕੰਨਾਂ ਨੂੰ ਮਹਾਨ ਉਪਦੇਸ਼ ਇਹ ਹੈ ਕਿ ਇਹ ਕੰਨ ਅਕਾਲ ਪੁਰਖ ਨੇ ਸਰੀਰ ਨਾਲ ਕੇਵਲ ਇਸ ਕਰਕੇ ਲਾਏ ਹਨ ਕਿ ਇਹ ਸਚੀ ਬਾਣੀ ਸੁਨਣ। ਜਦੋ ਇਹ ਪੜੀਦਾ ਹੈ ਕਿ ਸਾਚੇ ਨੂੰ ਸੁਨਣ ਲਈ ਇਹ ਕੰਨ ਸਰੀਰ ਨਾਲ ਲਾਏ ਹਨ ਤਾਂ ਸੁਭਾਵਕ ਹੀ ਸਵਾਲ ਉਠਦਾ ਹੈ ਕਿ ਸਾਚੇ ਪ੍ਰਭੂ ਨੂੰ ਕਿਵੇਂ ਸੁਣੀਦਾ ਹੈ। ਇਸਦਾ ਜਵਾਬ ਅਖੀਰਲੀ ਪੰਕਤੀ ਵਿਚ ਹੈ ਜਿਥੇ ਹਜ਼ੂਰ ਨੇ ਹੁਕਮ ਕੀਤਾ ਹੈ ਕਿ ਅੰਮ੍ਰਿਤ ਨਾਮ ਸੁਣੋ ਅਤੇ ਇਸ ਬਿਧਿ ਪਵਿਤ੍ਰ ਹੋਵੋ। ਇਸ ਤੋ ਸਾਬਤ ਹੈ ਕਿ ਗੁਰਮਤਿ ਨਾਮ ਗੁਰਮੰਤ੍ਰ ਨੂੰ ਸੁਨਣਾ ਹੀ ਪ੍ਰਭੂ ਨੂੰ ਸੁਨਣਾ ਹੈ। ਤੀਜੀ ਪੰਕਤੀ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਅੰਮ੍ਰਿਤ ਨਾਮ ਰੂਪੀ ਸਤਿ ਬਾਣੀ ਸੁਨਣ ਨਾਲ ਮਨ ਅਤੇ ਤਨ ਹਰਿਆ ਹੋ ਜਾਂਦਾ ਹੈ ਅਤੇ ਰਸਨਾ ਰਸ ਨਾਲ ਭਰ ਜਾਂਦੀ ਹੈ। ਲਗਾਤਾਰ ਨਾਮ ਸੁਣੀ ਜਾਣਾ ਹੀ ਗੁਰਮਤਿ ਅਨੁਸਾਰੀ ਕਰਮ ਹੈ।

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਹਰਿ, ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥ | | ਹਰਿ = ਹਰੀ ਨੇ; ਜੀਉ = ਜੀਵ ਨੂੰ; ਗੁਫਾ ਅੰਦਰਿ ਰਖਿ ਕੈ = ਸਰੀਰ ਦੇ ਹਿਰਦਾ ਰੂਪੀ ਗੁਫਾ ਵਿਚ ਰਖ ਕੇ; ਵਾਜਾ ਪਵਣੁ ਵਜਾਇਆ = ਪਵਣ ਰੂਪੀ ਵਾਜਾ ਵਜਾਇਆ, ਸਾਹਾਂ ਦਾ ਸਿਲਸਿਲਾ ਚਲਾ ਦਿਤਾ।<br><br>'"ਹਰਿ ਜੀਉ" ਇਕੱਠਾ ਨਹੀਂ ਬੋਲਣਾ। "ਹਰਿ" ਤੇ ਰੁਕਣਾ ਹੈ। ਇਥੇ "ਜੀਉ" ਦਾ ਭਾਵ ਹੈ "ਜੀਵ" ਨਾਂ ਕਿ ਆਦਰਵਾਚੀ ਸ਼ਬਦ "ਜੀ"। | ਹਰੀ ਨੇ ਜੀਵ ਨੂੰ ਸਰੀਰ ਦੇ ਹਿਰਦੇ ਰੂਪੀ ਗੁਫਾ ਵਿਚ ਰਖ ਕੇ, ਪਵਣ ਰੂਪੀ ਵਾਜਾ ਵਜਾ ਦਿਤਾ ਭਾਵ ਸਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿਤਾ। |
| ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥ | ਨਉਂ, ਦਸਵਾਂ | ਵਜਾਇਆ ਵਾਜਾ ਪਉਣ = ਪਉਣ ਦਾ ਵਾਜਾ ਵਜਾਇਆ ਭਾਵ ਸਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿਤਾ; ਨਉ ਦੁਆਰੇ = ਦੋ ਕੰਨ, ਦੋ ਨੈਨ, ਦੋ ਨੱਕ ਦੇ ਛੇਕ, ਇਕ ਮੂੰਹ, ਇੰਦ੍ਰੀ ਅਤੇ ਗੁਦਾ - ਇਹ ਨਉ ਦੁਆਰੇ ਹਨ ਸਰੀਰ ਦੇ; ਦਸਵਾਂ ਗੁਪਤ ਰਖਾਇਆ = ਦਸਵਾਂ ਦੁਆਰਾ ਜਿਥੋਂ ਅਕਾਲ ਪੁਰਖ ਦੇ ਸਚਖੰਡੀ ਦਰਸ਼ਨ ਹੁੰਦੇ ਹਨ, ਗੁਪਤ ਰਖਿਆ ਹੈ। | ਪਉਣ ਦਾ ਵਾਜਾ ਵਜਾਇਆ (ਭਾਵ ਸਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿਤਾ) ਅਤੇ ਸਰੀਰ ਦੇ ਨਉ ਦੁਆਰੇ ਪਰਗਟ ਕੀਤੇ ਹਨ ਪਰ ਦਸਵਾਂ ਦੁਆਰਾ ਗੁਪਤ ਰਖਿਆ ਹੈ। |
| ਗੁਰਦੁਆਰੈ ਲਾਇ ਭਾਵਨੀ, ਇਕਨਾ, ਦਸਵਾ ਦੁਆਰੁ ਦਿਖਾਇਆ ॥ | ਇਕਨਾਂ, ਦਸਵਾਂ | ਗੁਰਦੁਆਰੈ = ਗੁਰੂ ਦੇ ਦੁਆਰੇ ਤੇ ਭਾਵ ਗੁਰੂ ਦੇ ਦਰ ਤੇ; ਲਾਇ ਭਾਵਨੀ = ਭਾਵਨੀ ਲਾ ਕੇ, ਭਾਉ ਭਗਤਿ ਲਾ ਕੇ; ਇਕਨਾ = ਕਈਆਂ ਨੂੰ; ਦਸਵਾ ਦੁਆਰ ਦਿਖਾਇਆ = ਦਸਵਾਂ ਦੁਆਰ ਦਿਖਾ ਦਿਤਾ ਹੈ। | ਇਕਨਾਂ ਨੂੰ (ਕੁਝ ਇਕ ਖਾਸ ਮਖਸੂਸ ਜਨਾਂ ਨੂੰ) ਗੁਰੂ ਦੇ ਦੁਆਰੇ ਤੇ ਭਾਵਨੀ ਲਾ ਕੇ, ਦਸਵਾਂ ਦੁਆਰਾ ਦਿਖਾ ਦਿਤਾ ਹੈ। |
| ਤਹ ਅਨੇਕ ਰੂਪ, ਨਾਉ ਨਵਨਿਧਿ, ਤਿਸ ਦਾ ਅੰਤੁ, ਨ ਜਾਈ ਪਾਇਆ ॥ | ਤਹਂ, ਨਾਂਉ | ਤਹ = ਤਹਾਂ, ਉਥੇ; ਨਾਉ ਨਵਨਿਧਿ = ਨਵਨਿਧਿ ਨਾਮ, ਸਰਬ ਖਜ਼ਾਨਿਆਂ ਨਾਲ ਭਰਪੂਰ ਗੁਰਮਤਿ ਨਾਮ। | ਤਹਾਂ (ਉਥੇ ਦਸਮ ਦੁਆਰ ਵਿਖੇ) ਅਨੇਕ ਰੂਪ ਅਤੇ ਨਾਉ ਨਵਨਿਧਿ ਹੈ, ਉਸਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। |
| ਕਹੈ ਨਾਨਕੁ, ਹਰਿ ਪਿਆਰੈ, ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥੩੮॥ | | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਹਰਿ ਪਿਆਰੈ = ਹਰੀ ਪਿਆਰੇ ਨੇ; ਜੀਉ = ਜੀਵ; ਗੁਫਾ = ਸਰੀਰ ਵਿਚਲੀ ਹਿਰਦਾ ਰੂਪੀ ਗੁਫਾ; ਵਾਜਾ ਪਵਣੁ ਵਜਾਇਆ = ਪਵਣ ਰੂਪੀ ਵਾਜਾ ਵਜਾਇਆ ਭਾਵ ਸਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿਤਾ।<br><br>'"ਪਿਆਰੈ ਜੀਉ" ਇਕੱਠਾ ਨਹੀਂ ਬੋਲਣਾ। "ਪਿਆਰੈ" ਤੇ ਰੁਕਣਾ ਹੈ। ਇਥੇ "ਜੀਉ" ਦਾ ਭਾਵ ਹੈ "ਜੀਵ" ਨਾਂ ਕਿ ਆਦਰਵਾਚੀ ਸ਼ਬਦ "ਜੀ"। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਹਰੀ ਪਿਆਰੇ ਨੇ, ਜੀਵ ਨੂੰ ਸਰੀਰ ਦੀ ਹਿਰਦੇ ਰੂਪੀ ਗੁਫਾ ਵਿਚ ਰਖ ਕੇ, ਪਵਣ ਰੂਪੀ ਵਾਜਾ ਵਜਾ ਦਿਤਾ ਭਾਵ ਸਾਹਾਂ ਦਾ ਸਿਲਸਿਲਾ ਸੁਰੂ ਕਰ ਦਿਤਾ। |

ਸਾਰੰਸ਼ ਅਤੇ ਤੱਤਸਾਰ: "ਭੀਤਰਿ ਕੋਟ ਗੁਫਾ ਘਰ ਜਾਈ ॥" ਦੇ ਹੁਕਮ ਅਨੁਸਾਰ ਭੀਤਰ ਹਿਰਦੇ ਰੂਪੀ ਗੁਫਾ ਹੈ ਅਤੇ ਆਤਮਾ ਦਾ ਵਾਸਾ ਉਥੇ ਹੀ ਹੈ। ਹਰੀ ਦੀ ਜੋਤਿ ਦਾ ਵਾਸਾ ਵੀ ਹਿਰਦੇ ਵਿਚ ਹੀ ਹੈ ਪਰ ਜੀਵਾਤਮਾ ਅਤੇ ਆਤਮਦੇਵ ਅਕਾਲ ਪੁਰਖ ਵਿਚ ਹਉਮੈ ਭੀਤਿ (ਕੰਧ, ਪਰਦਾ) ਕਰਾਰੀ ਹੈ ਜਿਸ ਕਰਕੇ ਦੋਹਾਂ ਦਾ ਮੇਲ ਨਹੀਂ ਹੁੰਦਾ। ਸਭ ਤੋਂ ਪਹਿਲਾਂ ਜੀਵ ਨੂੰ ਹਿਰਦੇ ਵਿਚ ਧਰਿਆ ਜਾਂਦਾ ਹੈ ਭਾਵ ਸਰੀਰ ਵਿਚ ਸਭ ਤੋਂ ਪਹਿਲਾਂ ਹਿਰਦਾ ਹੀ ਬਣਦਾ ਹੈ ਜਿਸ ਵਿਚ ਜੀਵਾਤਮਾ ਵਸਦੀ ਹੈ। ਫੇਰ ਸਾਰੇ ਸਰੀਰ ਦੀ ਘਾੜਤਿ ਘੜੀ ਜਾਂਦੀ ਹੈ। ਜਦੋਂ ਸਰੀਰ ਮੁਕੰਮਲ ਹੋ ਜਾਂਦਾ ਹੈ ਤਾਂ ਮਾਤਾ ਦੇ ਗਰਭ ਤੋਂ ਬਾਹਰ ਆ ਜਾਂਦਾ ਹੈ। ਉਸ ਮੌਕੇ ਤੇ ਅਕਾਲ ਪੁਰਖ ਸਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿੰਦਾ ਹੈ ਜੋ ਕਿ ਜੀਵਾਤਮਾ ਦੇ ਸਰੀਰ ਵਿਚ ਰਹਿਣ ਤੱਕ ਚਲਦਾ ਹੈ। ਜਦੋਂ ਜੀਵਾਤਮਾ ਚਲੀ ਜਾਂਦੀ ਹੈ ਤਾਂ ਪਵਣ ਰੂਪੀ ਵਾਜਾ ਵੀ ਬੰਦ ਹੋ ਜਾਂਦਾ ਹੈ।

ਇਸ ਸਰੀਰ ਵਿਚ ਅਕਾਲ ਪੁਰਖ ਨੇ ਦਸ ਦੁਆਰੇ ਬਣਾਏ ਹਨ ਜਿਨਾਂ ਵਿਚੋਂ ਨਉ ਪਰਗਟ ਹਨ ਅਤੇ ਦਸਵਾਂ ਦੁਆਰਾ ਗੁਪਤ ਹੈ ਜੋ ਕਿ ਭੀਤਰੋਂ ਹੀ ਖੁਲਦਾ ਹੈ, ਬਾਹਰੋਂ ਨਜ਼ਰ ਨਹੀਂ ਆਉਂਦਾ। ਨਉ ਦੁਆਰੇ ਇਸ ਪ੍ਰਕਾਰ ਹਨ - ਦੋ ਕੰਨ, ਦੋ ਨੈਨ, ਦੋ ਨੱਕ ਦੇ ਛੇਕ, ਇਕ ਮੂੰਹ, ਇੰਦ੍ਰੀ ਅਤੇ ਗੁਦਾ। ਜਦੋਂ ਜੀਵ ਗੁਰੂ ਦੁਆਰੇ ਤੇ ਭਾਵਨਾ ਲਾਉਂਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਧਾਰਨ ਕਰਦਾ ਹੈ ਤਾਂ ਪ੍ਰਭੂ ਉਸਨੂੰ ਦਸਵਾਂ ਦੁਆਰ ਦਿਖਾ ਦਿੰਦਾ ਹੈ ਜਿਥੇ ਦਾ ਨਜ਼ਾਰਾ ਐਸਾ ਹੈ ਕਿ ਉਸਦੀ ਗਤਿ ਨਹੀਂ ਕਹੀ ਜਾ ਸਕਦੀ। ਇਥੇ ਹੀ ਸਚਖੰਡੀ ਪ੍ਰਭੂ ਦਾ ਦਰਸ਼ ਮਿਲਾਪ ਹੁੰਦਾ ਹੈ। ਸਾਡਾ ਫਰਜ਼ ਹੈ ਕਿ ਹੋਰ ਰੁਝੇਵੇਂ ਤਿਆਗ ਕੇ ਦਸਮ ਦੁਆਰ ਲਭਣ ਲਈ ਗੁਰਮਤਿ ਧਾਰਨ ਕਰੀਏ।

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
|---|---|---|---|
| ਏਹੁ ਸਾਚਾ ਸੋਹਿਲਾ, ਸਾਚੈ ਘਰਿ ਗਾਵਹੁ ॥ | | ਸੋਹਿਲਾ = ਖੁਸ਼ੀ ਦਾ ਗੀਤ; ਸਾਚਾ ਸੋਹਿਲਾ = ਸੱਚਾ ਸੋਹਿਲਾ ਭਾਵ ਸੱਚੀ ਖੁਸ਼ੀ ਦਾ ਗੀਤ ਭਾਵ ਗੁਰਬਾਣੀ; ਏਹੁ ਸਾਚਾ ਸੋਹਿਲਾ = ਅਨੰਦ ਸਾਹਿਬ ਦੀ ਬਾਣੀ ਰੂਪੀ ਖੁਸ਼ੀ ਦਾ ਗੀਤ; ਸਾਚੈ ਘਰਿ = ਸਾਚੇ ਪ੍ਰਭੂ ਦੇ ਘਰ ਵਿਖੇ ਭਾਵ ਸਾਧਸੰਗਤ ਵਿਖੇ। | ਇਹ ਸੱਚਾ ਸੋਹਿਲਾ ਭਾਵ ਅਨੰਦ ਸਾਹਿਬ ਦੀ ਬਾਣੀ ਸਾਧਸੰਗਤ (ਸਾਚੈ ਘਰਿ) ਵਿਖੇ ਗਾਵੋ।<br><br>"ਸਾਚਾ ਸੋਹਿਲਾ" ਨੂੰ "ਏਹੁ ਸਾਚਾ ਸੋਹਿਲਾ" ਕਹਿਣ ਤੋਂ ਸਾਫ ਜ਼ਾਹਰ ਹੈ ਕਿ ਇਥੇ ਅਨੰਦ ਸਾਹਿਬ ਰੂਪੀ ਸਚੇ ਸੋਹਿਲੇ ਦੇ ਗਾਉਣ ਦੀ ਗਲ ਕੀਤੀ ਹੈ ਨਹੀਂ ਤਾਂ "ਏਹੁ" ਦਾ ਹੋਰ ਕੀ ਅਰਥ ਹੋ ਸਕਦਾ ਹੈ? ਗੁਰੂ ਜੀ ਨੇ ਇਹ ਬਾਣੀ ਸਦਾ ਹੀ ਸਾਧਸੰਗਤ ਵਿਖੇ ਗਾਉਣ ਦੀ ਤਾਕੀਦ ਕੀਤੀ ਹੈ ਜਿਸ ਕਰਕੇ ਆਦਿ ਸਮੇਂ ਤੋਂ ਹੀ ਹਰ ਗੁਰਮਤਿ ਦੀਵਾਨ ਦੀ ਸਮਾਪਤੀ ਹਮੇਸ਼ਾਂ ਅਨੰਦ ਸਾਹਿਬ ਗਾਉਣ ਨਾਲ ਹੀ ਹੁੰਦੀ ਹੈ। |
| ਗਾਵਹੁ ਤ ਸੋਹਿਲਾ, ਘਰਿ ਸਾਚੈ, ਜਿਥੈ ਸਦਾ ਸਚੁ ਧਿਆਵਹੇ ॥ | ਧਿਆਵਹੇਂ | ਸੋਹਿਲਾ = ਗੁਰਬਾਣੀ ਰੂਪੀ ਖੁਸ਼ੀ ਦਾ ਗੀਤ, ਅਨੰਦ ਸਾਹਿਬ; ਘਰਿ ਸਾਚੈ = ਸਾਚੇ ਪ੍ਰਭੂ ਦੇ ਘਰ ਵਿਖੇ ਭਾਵ ਸਾਧਸੰਗਤ ਵਿਖੇ; ਸਚੁ = ਪ੍ਰਭੂ, ਸਤਿ ਗੁਰਮਤਿ ਨਾਮ; ਧਿਆਵਹੇ = ਧਿਆਉਂਦੇ ਹਨ। | (ਅਨੰਦ ਸਾਹਿਬ ਰੂਪੀ) ਸੋਹਿਲਾ, ਸਚੇ ਦੇ ਘਰ (ਸਾਧਸੰਗਤ) ਵਿਖੇ ਗਾਵੋ, ਜਿਥੇ ਸਦਾ ਸਚ (ਗੁਰਮਤਿ ਸਤਿਨਾਮ) ਧਿਆਉਂਦੇ ਹਨ। |
| ਸਚੋ ਧਿਆਵਹਿ, ਜਾ ਤੁਧੁ ਭਾਵਹਿ, ਗੁਰਮੁਖਿ ਜਿਨਾ ਬੁਝਾਵਹੇ ॥ | ਧਿਆਵਹਿੰ, ਭਾਵਹਿੰ, ਬੁਝਾਵਹੇਂ | ਸਚੋ ਧਿਆਵਹਿ = ਸਚ ਹੀ ਧਿਆਉਂਦੇ ਹਨ; ਭਾਵਹਿ = ਭਾਉਂਦੇ ਹਨ; ਗੁਰਮੁਖਿ = ਗੁਰੂ ਦੇ ਰਾਹੀਂ; ਬੁਝਾਵਹੇ = ਬੁਝਾਉਂਦਾ ਹਾਂ। | ਜਿਨਾਂ ਨੂੰ ਤੂੰ ਗੁਰੂ ਰਾਹੀਂ ਬੁਝਾ ਦੇਵੇਂ, ਉਹ ਸਚ ਹੀ ਧਿਅਉਂਦੇ ਹਨ ਅਤੇ ਜਦੋਂ (ਉਹ ਸਚ ਨਾਮ ਧਿਆਉਂਦੇ ਹਨ, ਉਦੋਂ ਉਹ) ਤੈਨੂੰ ਭਾਉਂਦੇ ਹਨ। |
| ਇਹੁ ਸਚੁ, ਸਭਨਾ ਕਾ ਖਸਮੁ ਹੈ, ਜਿਸੁ ਬਖਸੇ, ਸੋ ਜਨੁ ਪਾਵਹੇ ॥ | ਸਭਨਾਂ, ਬਖ਼ਸ਼ੇ | ਇਹੁ ਸਚੁ = ਇਹ ਨਾਮ ਰੂਪੀ ਸਚ; ਸਭਨਾ ਕਾ ਖਸਮੁ = ਸਾਰਿਆਂ ਦਾ ਮਾਲਕ; ਪਾਵਹੇ = ਪਾਉਂਦਾ ਹੈ। | ਇਹ ਸਚ (ਨਾਮ ਐਸਾ ਹੈ ਕਿ ਇਹ) ਸਾਰਿਆਂ ਦਾ ਖਸਮ ਹੈ ਪਰ ਜਿਸਨੂੰ ਤੂੰ ਬਖਸ਼ੇਂ (ਗੁਰਮਤਿ ਸਤਿਨਾਮ) ਉਹ ਜਨ ਹੀ ਪਾਉਂਦਾ ਹੈ। |
| ਕਹੈ ਨਾਨਕੁ, ਸਚੁ ਸੋਹਿਲਾ, ਸਚੈ ਘਰਿ ਗਾਵਹੇ ॥੩੯॥ | ਗਾਵਹੇਂ | ਕਹੈ ਨਾਨਕੁ = (ਗੁਰੂ) ਨਾਨਕ ਕਹੈ ਹੈ; ਸਚੁ ਸੋਹਿਲਾ = ਗੁਰਬਾਣੀ ਰੂਪ ਅਤੇ ਨਾਮ ਰੂਪੀ ਖੁਸ਼ੀ ਦਾ ਗੀਤ, ਅਨੰਦ ਸਾਹਿਬ; ਸਚੈ ਘਰਿ = ਸਚੇ ਦੇ ਘਰ ਵਿਖੇ, ਪ੍ਰਭੂ ਦੇ ਘਰ, ਸਾਧਸੰਗਤ ਵਿਖੇ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਗੁਰੂ) ਨਾਨਕ ਕਹੈ ਹੈ ਕਿ (ਗੁਰਮੁਖਿ ਪਿਆਰੇ) ਇਹ ਅਨੰਦ ਸਾਹਿਬ ਰੂਪੀ ਸਚ ਸੋਹਿਲਾ, ਸਚੇ ਦੇ ਘਰ ਭਾਵ ਸਾਧਸੰਗਤ ਵਿਖੇ ਗਾਉਂਦੇ ਹਨ। |
| ਸਾਰੰਸ਼ ਅਤੇ ਤੱਤਸਾਰ: ਇਸ ਪਉੜੀ ਵਿਚ ਅਤੇ ਇਸ ਤੋਂ ਅਗਲੀ ਪਉੜੀ ਵਿਚ ਸਤਿਗੁਰਾਂ ਨੇ ਖਾਸ ਕਰਕੇ ਸ੍ਰੀ ਅਨੰਦ ਸਾਹਿਬ ਦੀ ਬਾਣੀ ਦੀ ਮਹਿਮਾ ਦਸੀ ਹੈ। ਇਸ ਪਉੜੀ ਵਿਚ "ਏਹੁ ਸਾਚਾ ਸੋਹਿਲਾ" ਕਹਿਣ ਤੋਂ ਮੁਰਾਦ ਖਾਸ ਕਰਕੇ ਇਸ ਅਨੰਦ ਸਾਹਿਬ ਦੀ ਬਾਣੀ ਤੋਂ ਹੈ। ਇਸੇ ਪਉੜੀ ਦੇ ਹੁਕਮ ਅਨੁਸਾਰ ਗੁਰਮੁਖਿ ਪਿਆਰੇ ਆਦਿ ਕਾਲ ਤੋਂ ਹੀ, ਜਦੋਂ ਦੀ ਇਹ ਬਾਣੀ ਸਚਖੰਡ ਤੋਂ ਇਸ ਲੋਕ ਵਿਖੇ ਆਈ ਹੈ, ਇਸ ਬਾਣੀ ਦਾ ਕੀਰਤਨ ਹਰ ਰੋਜ਼ ਦੀਵਾਨ ਦੀ ਸਮਾਪਤੀ ਤੇ ਕਰਦੇ ਹਨ। ਹਰ ਗੁਰਸਿਖ ਹਰ ਰੋਜ਼ ਇਸ ਬਾਣੀ ਦਾ ਜਾਪ ਅੰਮ੍ਰਿਤ ਵੇਲੇ ਕਰਦਾ ਹੈ ਕਿਉਂਕਿ ਇਹ ਬਾਣੀ ਸਿਖ ਦੇ ਨਿਤਨੇਮ ਦਾ ਅੰਗ ਹੈ। ਚੌਥੀ ਪੰਕਤੀ ਵਿਚ ਸਤਿਗੁਰਾਂ ਨੇ ਨਾਮ ਰੂਪੀ ਸਚ ਬਾਰੇ ਐਲਾਨ ਕੀਤਾ ਹੈ ਕਿ ਨਾਮ ਸਾਰਿਆਂ ਦਾ ਖਸਮ ਹੈ। ਤਾਂ ਤੇ ਗੁਰਮੁਖਿ ਜੋ ਨਾਮ ਜਪਦੇ ਹਨ, ਉਹਨਾਂ ਨੂੰ ਕਦੇ ਵੀ ਲਾਚਾਰ ਜਾਂ ਆਜਿਜ਼ ਨਹੀਂ ਹੋਣਾ ਚਾਹੀਦਾ। ਜਿਸ ਪਾਸ ਨਾਮ ਹੋਵੇ ਅਤੇ ਜੋ ਨਾਮ ਦਾ ਰਸੀਆ ਹੋਵੇ, ਉਹ ਕਦੇ ਲਾਚਾਰ ਨਹੀਂ ਹੋ ਸਕਦਾ। ਜੇਕਰ ਉਹ ਲਾਚਾਰ ਨਜ਼ਰ ਆਉਂਦਾ ਹੈ ਤਾਂ ਇਸਦਾ ਕਾਰਨ ਜਾਂ ਤਾਂ ਇਹ ਹੈ ਕਿ ਉਹ ਪ੍ਰਭੂ ਦੇ ਕਿਸੇ ਖਾਸ ਭਾਣੇ ਅਨੁਸਾਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਲਾਚਾਰ ਹੈ ਜਾਂ ਫੇਰ ਉਹ ਨਾਮ ਗੁਰਮਤਿ ਅਨੁਸਾਰ ਜਪਦਾ ਨਹੀਂ ਹੈ। | | | |
| ਅਨਦੁ ਸੁਣਹੁ, ਵਡਭਾਗੀਹੋ, ਸਗਲ ਮਨੋਰਥ ਪੂਰੇ ॥ | ਅਨੰਦੁ | ਅਨਦੁ = ਅਨੰਦ ਸਾਹਿਬ ਦੀ ਬਾਣੀ; ਅਨਦੁ ਸੁਣਹੁ = ਅਨੰਦ ਸਾਹਿਬ ਬਾਣੀ ਨੂੰ ਸੁਣੋ; ਵਡਭਾਗੀਹੋ = ਹੇ ਵਡਭਾਗੀਓ; ਸਗਲ ਮਨੋਰਥ = ਸਾਰੇ ਮਨੋਰਥ।<br><br>੧. ਪੁਰਾਤਨ ਸਰੂਪਾਂ ਵਿਚ ਪਾਠ "ਅਨੰਦੁ" ਟਿਪੀ ਨਾਲ ਹੈ ਤੇ ਸ਼ੁਧ ਪਾਠ ਅਨੰਦ ਹੀ ਹੈ।<br>੨. "ਵਡਭਾਗੀਹੋ" ਸੰਬੋਧਨ ਕਾਰਕ ਵਿਚ ਹੈ। ਇਸਦਾ ਇਹ ਅਰਥ ਕਰਨਾ ਕਿ "ਤੂੰ ਵਡਭਾਗੀ ਹੋ ਭਾਵ ਵਡਭਾਗੀ ਬਣ" ਸਹੀ ਨਹੀਂ ਹੈ। ਜੇਕਰ ਇਹ ਅਰਥ ਹੁੰਦਾ ਤਾਂ ਪਾਠ ਇਸ ਤਰ੍ਹਾਂ ਹੋਣਾ ਸੀ = ਵਡਭਾਗੀ ਹੋਹੁ। | ਹੇ ਵਡੇ ਭਾਗਾਂ ਵਾਲਿਓ ਗੁਰਸਿਖੋ, ਅਨੰਦ (ਸਾਹਿਬ) ਸੁਣੋ, (ਜਿਸਨੇ ਵੀ ਸੁਣਿਆ ਹੈ ਉਸਦੇ) ਸਾਰੇ ਮਨੋਰਥ ਪੂਰੇ ਹੋ ਗਏ ਹਨ।<br><br>ਇਸ ਪਉੜੀ ਵਿਚ ਨਾਂ ਲੇ ਕੇ ਸਤਿਗੁਰਾਂ ਨੇ ਸ੍ਰੀ ਅਨੰਦ ਸਾਹਿਬ ਦੀ ਮਹਿਮਾ ਦਸੀ ਹੈ। ਪਤਾ ਨਹੀਂ ਕਿਉਂ ਕੁਝ ਵਿਦਵਾਨ ਇਥੇ ਖਿਚਧੂਹ ਕੇ ਇਹ ਅਰਥ ਕਰਦੇ ਹਨ ਕਿ ਅਨੰਦ ਇਹ ਹੈ ਸੁਣੋ...। ਜਦੋਂ ਸਾਫ ਤੌਰ ਤੇ ਨਾਂ ਲੈ ਕੇ ਗੁਰਾਂ ਨੇ ਗੁਰਸਿਖਾਂ ਤਾਂਈਂ ਸ੍ਰੀ ਅਨੰਦ ਸਾਹਿਬ ਨੂੰ ਸੁਨਣ ਦੀ ਤਾਕੀਦ ਕੀਤੀ ਹੈ ਤਾਂ ਫੇਰ ਘੁਮਾ ਫਿਰਾ ਕੇ ਹੋਰ ਅਰਥ ਕਰਨ ਦੀ ਕੀ ਲੋੜ ਹੈ। |
| ਪਾਰਬ੍ਰਹਮੁ ਪ੍ਰਭੁ ਪਾਇਆ, ਉਤਰੇ ਸਗਲ ਵਿਸੂਰੇ ॥ | | ਉਤਰੇ ਸਗਲ ਵਿਸੂਰੇ = ਸਾਰੇ ਦੁਖ ਲਹਿ ਗਏ; ਵਿਸੂਰੇ = ਵਿਛੋੜੇ ਕਾਰਨ ਉਤਪੰਨ ਹੋਣਵਾਲੇ ਦੁਖ, ਚਿੰਤਾ, ਝੋਰੇ ਆਦਿ। | (ਸ੍ਰੀ ਅਨੰਦ ਸਾਹਿਬ ਸੁਨਣ ਵਾਲੇ ਸਾਧਕਾਂ ਨੇ) ਪਾਰਬ੍ਰਹਮ ਪ੍ਰਭੂ ਪਾ ਲਿਆ ਹੈ ਅਤੇ ਉਹਨਾਂ ਦੇ ਸਾਰੇ ਵਿਸੂਰੇ ਉਤਰ ਗਏ ਹਨ। |
| ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ ॥ | | ਦੂਖ = ਦੁਖ; ਰੋਗ = ਬੀਮਾਰੀਆਂ; ਸੰਤਾਪ = ਪੀੜ; ਸਚੀ ਬਾਣੀ = ਅਨੰਦ ਸਾਹਿਬ ਵਾਲੀ ਸਚੀ ਬਾਣੀ। | ਉਹਨਾਂ ਦੇ ਦੁਖ, ਬੀਮਾਰੀਆਂ ਅਤੇ ਪੀੜ ਆਦਿ ਉਤਰ ਗਏ ਹਨ, ਜਿਨਾਂ ਨੇ ਇਹ (ਅਨੰਦ ਸਾਹਿਬ ਦੀ) ਸਚੀ ਬਾਣੀ ਸੁਣੀ ਹੈ। |
| ਸੰਤ ਸਾਜਨ ਭਏ ਸਰਸੇ, ਪੂਰੇ ਗੁਰ ਤੇ ਜਾਣੀ ॥ | ਸਰੱਸੇ | ਸੰਤ ਸਾਜਨ = ਗੁਰਮੁਖਿ, ਰਹਿਤਵਾਨ ਗੁਰਸਿਖ; ਭਏ = ਹੋ ਗਏ; ਸਰਸੇ = ਸ-ਰਸੇ, ਰੱਸ ਨਾਲ ਭਰੇ। | (ਉਹ) ਗੁਰਮੁਖਿ ਸੰਤ ਸੱਜਣ ਰਸ ਨਾਲ ਭਰ ਗਏ ਹਨ, ਜਿਨਾਂ ਨੇ ਪੂਰੇ ਗੁਰੂ ਤੋਂ ਇਹ ਬਾਣੀ ਜਾਣੀ ਹੈ ਭਾਵ ਅੰਦਰ ਵਸਾ ਲਈ ਹੈ। |
| ਸੁਣਤੇ ਪੁਨੀਤ, ਕਹਤੇ ਪਵਿਤੁ, ਸਤਿਗੁਰੁ ਰਹਿਆ ਭਰਪੂਰੇ ॥ | | ਪੁਨੀਤ = ਬਹੁਤ ਪਵਿਤ੍ਰ; ਪਵਿਤ੍ਰ = ਨਿਰਮਲ। | (ਸ੍ਰੀ ਅਨੰਦ ਸਾਹਿਬ ਨੂੰ) ਸੁਨਣ ਵਾਲੇ ਪੁਨੀਤ ਹੋ ਗਏ ਹਨ, ਕਹਿਣ ਵਾਲੇ ਪਵਿਤ੍ਰ ਹੋ ਗਏ ਹਨ ਅਤੇ ਉਹਨਾਂ ਵਿਚ ਸਤਿਗੁਰੂ ਹੀ ਭਰਪੂਰ ਹੋ ਗਿਆ ਹੈ। |

# ਸ੍ਰੀ ਅਨੰਦੁ ਸਾਹਿਬ ਜੀ ਦਾ ਅਨੰਦ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਅਰਥ ਵਿਚਾਰ |
| --- | --- | --- | --- |
| ਬਿਨਵੰਤਿ ਨਾਨਕੁ, ਗੁਰ ਚਰਣ ਲਾਗੇ, ਵਾਜੇ ਅਨਹਦ ਤੂਰੇ ॥੪੦॥੧॥ | | ਬਿਨਵੰਤਿ ਨਾਨਕੁ = ਬੇਨਤੀ ਕਰਦੇ ਹਨ ਗੁਰੂ ਨਾਨਕ; ਗੁਰ ਚਰਣ ਲਾਗੇ = ਗੁਰੂ ਦੇ ਚਰਣੀ ਜੋ ਲਗੇ ਹਨ; ਅਨਹਦ = ਹੱਦ ਤੋਂ ਪਰੇ; ਅਨਹਦ ਤੂਰੇ = ਉਚੀ ਆਤਮਕ ਅਵਸਥਾ ਵਿਚ ਸਚਖੰਡੀ ਕੀਰਤਨ ਦਾ ਇਥੇ ਮਾਤਲੋਕ ਵਿਖੇ ਰਹਿੰਦੇ ਹੋਏ, ਦਸਮ ਦੁਆਰ ਤੋਂ ਸੁਨਣਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਗੁਰੂ ਨਾਨਕ ਬੇਨਤੀ ਕਰਦੇ ਹਨ ਕਿ ਜੋ ਗੁਰੂ ਦੇ ਚਰਣੀ ਲਗੇ ਹਨ, ਉਹਨਾਂ ਦੇ ਭੀਤਰ ਅਨਹਦ ਤੂਰੇ ਵਜੇ ਹਨ। |

ਸਾਰੰਸ਼ ਅਤੇ ਤੱਤਸਾਰ: ਸਤਿਗੁਰਾਂ ਨੇ ਇਸ ਪਉੜੀ ਵਿਚ ਸ੍ਰੀ ਅਨੰਦ ਸਾਹਿਬ ਦੇ ਸੁਨਣ, ਕਹਿਣ ਅਤੇ ਗਾਉਣ ਦਾ ਮਹਾਨ ਮਹਾਤਮ ਦਸਿਆ ਹੈ ਕਿ ਇਸ ਬਾਣੀ ਦੇ ਸਾਧਕ ਦੇ ਦੁਖ, ਰੋਗ, ਸੰਤਾਪ ਸਭ ਉਤਰ ਜਾਂਦੇ ਹਨ ਅਤੇ ਪ੍ਰਭੂ ਦੀ ਪ੍ਰਾਪਤੀ ਤਕ ਦਾ ਅਜ਼ੀਮ ਨਿਸ਼ਾਨਾ ਪ੍ਰਾਪਤ ਹੋ ਜਾਂਦਾ ਹੈ। ਇਸੇ ਕਰਕੇ ਹੀ ਇਸ ਬਾਣੀ ਦਾ ਗਾਇਣ ਆਦਿ ਕਾਲ ਤੋਂ ਹੀ ਸਭ ਗੁਰਦੁਆਰਿਆਂ ਵਿਚ ਦੀਵਾਨ ਦੀ ਸਮਾਪਤੀ ਤੇ ਜ਼ਰੂਰ ਹੁੰਦਾ ਹੈ। ਸਾਰੇ ਗੁਰਸਿਖ ਇਸ ਬਾਣੀ ਦਾ ਪਾਠ ਅੰਮ੍ਰਿਤ ਵੇਲੇ ਨਿਤਾਪ੍ਰਤੀ ਕਰਦੇ ਹਨ। ਇਸ ਤੋਂ ਇਸ ਬਾਣੀ ਦੀ ਮਹਾਨਤਾ ਬਾਰੇ ਅੰਦਾਜ਼ਾ ਲਗ ਜਾਂਦਾ ਹੈ ਕਿ ਇਹ ਕਿਨੀ ਜ਼ਰੂਰੀ ਹੈ ਕਿ ਇਸ ਬਾਣੀ ਦਾ ਗਾਇਣ ਵਡੇ ਪਧਰ ਤੇ ਆਦਿ ਕਾਲ ਤੋਂ ਹੀ ਹੁੰਦਾ ਆ ਰਿਹਾ ਹੈ। ਖਾਸ ਸਮਝਣ ਵਾਲੀ ਗਲ ਇਹ ਹੈ ਕਿ ਇਸ ਬਾਣੀ ਦਾ ਮਹਾਤਮ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਬਾਣੀ ਦਾ ਪਾਠ ਜਾਂ ਕੀਰਤਨ ਫੁਰਨੇ ਰੋਕ ਕੇ, ਸਾਵਧਾਨ ਹੋ, ਇਕਾਗਰ ਚਿਤ ਹੋ ਕੇ ਕੀਤਾ ਜਾਵੇ।